ਪੰਜਾਬੀ ਦੀ ਪਾਰਿਭਾਸ਼ਿਕ ਸ਼ਬਦਾਵਲੀ ਦਾ ਵਿਕਾਸ

ਡਾ: ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ ਕੇ

ਸਾਰ

ਅਜੋਕੇ ਦੌਰ ਵਿੱਚ ਪੰਜਾਬੀ ਭਾਸ਼ਾ ਸਮੇਤ, ਸਮੁੱਚੇ ਭਾਰਤ ਦੀਆਂ ਖੇਤਰੀ ਭਾਸ਼ਾਵਾਂ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਹੈ। ਆਜ਼ਾਦ ਭਾਰਤ ਦੀ ਸਿੱਖਿਆ ਨੀਤੀ ਘਾੜਿਆਂ ਨੇ ਇਹ ਸੁਪਨਾ ਲਿਆ ਸੀ ਕਿ ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਦੇ ਅੰਦਰ ਅੰਦਰ ਭਾਰਤੀ ਭਾਸ਼ਾਵਾਂ ਦਾ ਆਧੁਨਿਕ ਵਿਕਾਸ ਕਰਕੇ ਹਰ ਨਾਗਰਿਕ ਨੂੰ ਉੱਚ ਪੱਧਰ ਤੱਕ ਦੀ ਸਿੱਖਿਆ ਉਸ ਦੀ ਮਾਤ-ਭਾਸ਼ਾ ਵਿੱਚ ਦਿੱਤੀ ਜਾਵੇਗੀ। ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ, ਧੜਾ ਧੜ, ਨਵੇਂ ਵਿਦਿਅਕ ਅਦਾਰੇ ਅਤੇ ਵਿਸ਼ਵਿਦਿਆਲੇ ਕਾਇਮ ਕੀਤੇ ਗਏ। ਤਕਨੀਕੀ ਸਾਹਿਤ ਅਤੇ ਲੋੜੀਂਦੀਆਂ ਪਾਠ ਪੁਸਤਕਾਂ ਦਾ ਨਿਰਮਾਣ ਕਰਨ ਲਈ ਸਰਕਾਰ ਵਲੋਂ ਸਮਰਪਿਤ ਸੰਸਥਾਵਾਂ ਬਹਾਲ ਕੀਤੀਆਂ ਗਈਆਂ।

ਇਵੇਂ, ਪੰਜਾਬੀ ਭਾਸ਼ਾ ਨੂੰ ਸਮੁੱਚੀ ‘ਸਿੱਖਿਆ ਦਾ ਮਾਧਿਅਮ’ ਬਣਾਉਣ ਦੀ ਜ਼ਿੰਮੇਵਾਰੀ ‘ਪੰਜਾਬੀ ਯੂਨੀਵਰਸਿਟੀ’ ਨੂੰ ਸੌਂਪੀ ਗਈ। ਪਰ ਅਫਸੋਸ ਕਿ ਇਹ ਕੰਮ ਆਜ਼ਾਦੀ ਦੇ ਪੰਜੱਤਰ ਸਾਲ ਬੀਤ ਜਾਣ ਬਾਅਦ ਵੀ ਪੂਰਾ ਨਾ ਹੋ ਸਕਿਆ। ਅਸਲ ਵਿੱਚ ਭਾਸ਼ਾਵਾਂ ਦੀ ਹਾਲਤ ਸੁਧਰਨ ਦੀ ਬਜਾਏ ਹੋਰ ਵੀ ਬਦਤਰ ਹੋਈ ਹੈ। ਵਰਤਮਾਨ ਦਸ਼ਾ ਇੰਨੀ ਭੈੜੀ ਹੋ ਗਈ ਹੈ ਕਿ - ਹੋਰ ਭਾਰਤੀ ਭਾਸ਼ਾਵਾਂ ਵਾਂਙ – ਪੰਜਾਬੀ ਵੀ ਆਪਣੀ ਹੋਂਦ ਕਾਇਮ ਰੱਖਣ ਲਈ ਜੂਝ ਰਹੀ ਹੈ, ਸਿਸਕ ਰਹੀ ਹੈ।

ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਹਾਵੀ ਦੌਰ ਵਿੱਚ ਭਾਰਤੀ ਵਿਦਿਅਕ ਪ੍ਰਣਾਲੀ, ਵਪਾਰਕ ਘਰਾਣਿਆਂ ਦੇ ਹੱਥੀਂ ਚੜ੍ਹ ਕੇ ਨਿੱਘਰ ਚੁੱਕੀ ਹੈ। ਨਿਰਸੰਦੇਹ, ਇਸ ਦਾ ਸਿੱਧਾ ਘਾਤਕ ਅਸਰ ਭਾਰਤੀ ਭਾਸ਼ਾਵਾਂ ਉੱਪਰ ਪਿਆ ਹੈ। ਇਹ ਭਾਸ਼ਾਵਾਂ ‘ਸਿੱਖਿਆ ਦਾ ਮਾਧਿਅਮ’ ਤਾਂ ਕੀ ਬਣਨੀਆਂ ਸਨ, ਸਗੋਂ ਵਿਦਿਅਕ ਅਦਾਰਿਆਂ ਵਿੱਚ ਇਨ੍ਹਾਂ ਦੀ ਵਰਤੋਂ ਤੇ ਖਾਸ ਪਾਬੰਦੀਆਂ ਲੱਗੀਆਂ ਹੋਈਆਂ ਹਨ। ਭਾਵੇਂ ਰੰਗ ਵਿਰੰਗੀਆਂ ਉੱਪਰੋਥਲੀ ਦੀਆਂ ਸਰਕਾਰਾਂ ਭਾਰਤੀ ਭਾਸ਼ਾਵਾਂ ਦੀ ਉੱਨਤੀ ਦੀਆਂ ਰਸਮੀ ਗੱਲਾਂ ਤਾਂ ਕਰਦੀਆਂ ਹਨ ਪਰ ਇਨ੍ਹਾਂ ਦੀ ਤਰੱਕੀ ਲਈ ਵਿਹਾਰਕ ਪੱਧਰ ‘ਤੇ ਕੋਈ ਸਾਰਥਕ ਕਦਮ ਨਹੀਂ ਉਠਾਉਂਦੀਆਂ। ਇਹ ਇਨ੍ਹਾਂ ਦੀ ਸੋਚੀ ਸਮਝੀ ਨੀਤੀ ਹੈ।

ਪ੍ਰਸ਼ਾਸਨ, ਸਿੱਖਿਆ, ਵਿਗਿਆਨ ਅਤੇ ਤਕਨੀਕੀ ਖੋਜ, ਉਦਯੋਗ, ਸਰਕਾਰੀ ਕੰਮ-ਕਾਜ, ਨਿਆਂ ਵਿਵਸਥਾ ਅਤੇ ਵਣਜ-ਵਪਾਰ ਵਰਗੇ ਖੇਤਰਾਂ ਵਿੱਚ ਸਾਮਰਾਜੀ ਵਿਰਾਸਤੀ ਭਾਸ਼ਾ ਦੀ ਧੌਂਸ ਬਰਕਰਾਰ ਅਤੇ ਵਧਦੀ ਜਾ ਰਹੀ ਹੈ। ਇਸ ਮਾਰੂ ਹਾਲਤ ਵਿੱਚ ਪੰਜਾਬੀ ਭਾਸ਼ਾ ਨੂੰ ਲੈ ਕੇ, ਸਾਡੇ ਸਾਹਮਣੇ ਭਿਅੰਕਰ ਚਣੌਤੀ ਇਹ ਹੈ ਕਿ ਇਸ ਸਵੈਨਾਸ਼ ਨੂੰ ਕਿਵੇਂ ਠੱਲ੍ਹ ਪਾਇਆ ਜਾਵੇ? ਇਸ ਰੁਝਾਨ ਨੂੰ ਕਿਵੇਂ ਰੋਕਿਆ ਅਤੇ ਪਲਟਿਆ ਜਾਵੇ? ਜੇਕਰ ਸਰਕਾਰਾਂ ਅਤੇ ਸੰਸਥਾਵਾਂ ਨਾਕਾਮ ਸਾਬਤ ਹੋਈਆਂ ਹਨ ਤਾਂ ਲੋਕ ਕਿਵੇਂ ਸਾਰਾ ਮਸਲਾ ਆਪਣੇ ਹੱਥੀਂ ਲੈ ਸਕਦੇ ਹਨ?

ਜਿੰਨੀ ਦੇਰ ਤੱਕ ਸਾਡੇ ਕੋਲ ਲੋੜੀਂਦਾ ਸਾਹਿਤ ਨਹੀਂ, ਜਾਣਕਾਰੀ ਨਹੀਂ, ਸਾਹਿਤ ਨਿਰਮਾਣ ਦੇ ਸਾਧਨ ਨਹੀਂ ਤਾਂ ਕੁੱਝ ਵੀ ਨਹੀਂ ਹੋ ਸਕਦਾ। ਸਾਨੂੰ ਆਪ, ਨਵਾਂ ਤਕਨੀਕੀ ਸਾਹਿਤ ਸਿਰਜਣ ਦੀ ਮੁਹਿਮ ਚਲਾਉਣੀ ਪਵੇਗੀ। ਨਵਾਂ ਵਿਗਿਆਨ ਅਤੇ ਤਕਨੀਕ ਦਾ ਸੱਭਿਆਚਾਰ ਪੈਦਾ ਕਰਨਾ ਪਵੇਗਾ; ਪੰਜਾਬ ਦੇ ਹਰ ਖਿੱਤੇ ਵਿੱਚ ਵਿਗਿਆਨਕ ਸਭਾਵਾਂ ਸਥਾਪਤ ਕਰਕੇ ਇਹ ਸਾਹਿਤ ਹੋਣਹਾਰ ਪੀੜ੍ਹੀ ਤੱਕ ਪਹੁੰਚਾਉਣਾ ਪਵੇਗਾ। ਸਾਨੂੰ ਪਤਾ ਹੈ ਕਿ ਆਧੁਨਿਕ ਟੈਕਨਾਲੋਜੀ ਨੇ ਸਾਡੇ ਲਈ ਇਹ ਕੰਮ ਬਹੁਤ ਆਸਾਨ ਕਰ ਦਿੱਤਾ ਹੈ, ਬੱਸ ਇਸ ਟੈਕਨਾਲੋਜੀ ਨੂੰ ਹਰਕਤ ਵਿੱਚ ਲਿਆਉਣ ਦੀ ਲੋੜ ਹੈ।

ਸਭ ਤੋਂ ਪਹਿਲਾਂ, ਹਰ ਵਿਸ਼ੇ ਦਾ ਤਕਨੀਕੀ ਸਾਹਿਤ ਰਚਣ ਲਈ ‘ਵਿਦਵਾਨ’ ਅਤੇ ‘ਬੁੱਧੀਜੀਵੀ’ ਲੋਕਾਂ ਦੇ ਜਥੇ ਖੜ੍ਹੇ ਕਰਨੇ ਹੋਣਗੇ; ਪੰਜਾਬੀ ਭਾਸ਼ਾ ਨੂੰ ਨਵੀਂ ਤਕਨੀਕੀ ਸ਼ਬਦਾਵਲੀ ਨਾਲ ਲੈਸ ਕਰਨਾ ਪਵੇਗਾ, ਯੋਗ ਬਣਾਉਣਾ ਪਵੇਗਾ ਹੈ। ਪੰਜਾਬੀ ਨੂੰ ਵਿਗਿਆਨ ਦੀ ਭਾਸ਼ਾ ਬਣਾਉਣਾ ਪਵੇਗਾ। ਐਸਾ ਕਰਨ ਲਈ ਸਾਨੂੰ ਆਪਣੀ ਭਾਸ਼ਾ ਵਿੱਚ ਨਿਪੁੰਨਤਾ ਹਾਸਲ ਕਰਨੀ ਪਵੇਗੀ। ਇਹ ਜਾਨਣਾ ਹੋਵੇਗਾ ਕਿ ਪੰਜਾਬੀ ਭਾਸ਼ਾ ਨਵੇਂ ਸ਼ਬਦ ਕਿਵੇਂ ਘੜਦੀ ਹੈ। ਇਹ ਵਿਧੀ ਸਾਡੇ ਕੋਲ ਸਦੀਆਂ ਤੋਂ ਮੌਜੂਦ ਹੈ, ਬੱਸ ਹਿੰਮਤ ਕਰਕੇ ਮੁਹਾਰਤ ਹਾਸਲ ਕਰਨ ਦੀ ਲੋੜ ਹੈ। ਇਸ ਪਰਚੇ ਦਾ ਮੁੱਖ ਮਨੋਰਥ ਇਸ ਵਿਧੀ ਨੂੰ ਸਾਹਮਣੇ ਲਿਆਉਂਣਾ ਹੈ।

ਪੰਜਾਬੀ ਭਾਸ਼ਾ ਕੋਲ - ਮੁੱਖ ਤੌਰ ਤੇ - ਚਾਰ ਸਾਧਨ ਮੌਜੂਦ ਹਨ ਜਿਨ੍ਹਾਂ ਰਾਹੀ ਨਵੇਂ ਸ਼ਬਦਾਂ ਦਾ ਨਿਰਮਾਣ ਕੀਤਾ ਜਾਂਦਾ ਹੈ, ਇਹ ਹਨ:

1. ਧਾਤੂ ਸ਼ਬਦਾਂ ਨਾਲ '**ਅਗੇਤਰ'** ਦੀ ਵਰਤੋਂ,
2. ਧਾਤੂ ਸ਼ਬਦਾਂ ਨਾਲ '**ਪਛੇਤਰ'** ਦੀ ਵਰਤੋਂ,
3. ਪਰਚਲਤ ਸ਼ਬਦਾਂ ਨੂੰ ਉਚਿਤ ਪੂਰਵਕ ਜੋੜ ਕੇ, (**ਸਮਾਸ ਵਿਧੀ**), ਅਤੇ
4. ਪਰਚਲਤ ਸ਼ਬਦਾਂ ਦੀ ਆਪਸੀ "**ਸੰਧੀ**" ਦੁਆਰਾ।

ਇਹ ਸਾਧਨ ਕੋਈ ਨਵੇਂ ਨਹੀਂ ਹਨ। ਪੰਜਾਬੀ ਭਾਸ਼ਾ ਦੇ ਇਤਿਹਾਸਕ ਵਿਕਾਸ ਵਿੱਚ ਇਨ੍ਹਾਂ ਦੀ ਵਰਤੋਂ ਹਮੇਸ਼ਾ ਹੁੰਦੀ ਰਹੀ ਹੈ। 'ਗੁਰਬਾਣੀ' ਵਿੱਚ ਇਸ ਦੀ ਪਾਵਨ ਵਰਤੋਂ ਜਿਉਂਦੀ ਜਾਗਦੀ ਮਿਸਾਲ ਹੈ। ਇਸ ਪਰਚੇ ਵਿੱਚ ਗੁਰਬਾਣੀ ਦੀ ਵਿਧੀ ਦਾ ਵੀ ਵਿਸ਼ੇਸ਼ ਤੌਰ ਤੇ -ਗੁਰਬਾਣੀ ਦ੍ਰਿਸ਼ਟਾਤਾਂ ਸਹਿਤ - ਜ਼ਿਕਰ ਕੀਤਾ ਜਾਵੇਗਾ। ਇਸ ਦੇ ਨਾਲ ਹੀ ਇਹ ਪ੍ਰਸਤਾਵ ਵੀ ਪੇਸ਼ ਕੀਤਾ ਜਾਵੇਗਾ ਕਿ ਇਸ ਵਿਧੀ ਆਧਾਰਤ ਤਕਨੀਕੀ ਸ਼ਬਦਾਵਲੀ ਤਿਆਰ ਕਰਕੇ ਨਵੇਂ ਸਿਰਜੇ ਸਾਹਿਤ ਨੂੰ ਵਿਗਿਆਨਕ ਤਰੀਕਿਆਂ ਰਾਹੀਂ ਲੋਕਾਂ ਤੱਕ ਕਿਵੇਂ ਅੱਪੜਦਾ ਕੀਤਾ ਜਾਵੇਗਾ।

1 ਵਰਣ ਬੋਧ: ਗੁਰਮੁਖੀ ਲਿਪੀ ਦਾ ਢਾਂਚਾ ਅਤੇ ਨਿਯਮ

ਬੋਲਣ ਵੇਲੇ ਜਿਹੜੀਆਂ ਆਵਾਜ਼ਾਂ ਸਾਡੇ ਮੂੰਹ ਵਿੱਚੋਂ ਨਿਕਲਦੀਆਂ ਹਨ ਉਨ੍ਹਾਂ ਨੂੰ 'ਧੁਨੀਆਂ' ਕਿਹਾ ਜਾਂਦਾ ਹੈ। 'ਧੁਨੀ' ਭਾਸ਼ਾ ਦੀ ਮੂਲ ਇਕਾਈ ਹੁੰਦੀ ਹੈ। ਇਹ ਧੁਨੀਆਂ ਆਪੋ-ਵਿੱਚੀ ਮਿਲ ਕੇ "ਸ਼ਬਦ" ਦਾ ਨਿਰਮਾਣ ਕਰਦੀਆਂ ਹਨ। ਇਸ ਤਰ੍ਹਾਂ ਕਿਸੇ ਬੋਲੇ ਗਏ ਸ਼ਬਦ ਦਾ ਨਿਖੇੜਾ ਉਸ ਦੀਆਂ ਸੰਘਟਕ ਧੁਨੀਆਂ ਵਿੱਚ ਕੀਤਾ ਜਾ ਸਕਦਾ ਹੈ, ਜਿਵੇਂ;

ਪੁਸਤਕ = ਪ + ਉ + ਸ + ਤ + ਕ

ਸੂਰਜ = ਸ + ਊ + ਰ + ਜ

ਮਾਰਗ = ਮ + ਆ + ਰ + ਗ

ਸ਼ਬਦ ਦੀ ਅਖੰਡ ਧੁਨੀ ਦਾ ਪ੍ਰਤਿਨਿਧ ਜਾਂ ਰੂਪ 'ਅੱਖਰ' ਅਥਵਾ 'ਵਰਣ' ਕਹਾਉਂਦਾ ਹੈ। ਪੰਜਾਬੀ ਦੀਆਂ ਧੁਨੀਆਂ ਨੂੰ ਦੋ ਵਰਗਾਂ (ਗੁਰਮੁਖੀ 'ਵਰਣ-ਮਾਲਾ') ਵਿੱਚ ਵੰਡਿਆ ਗਿਆ ਹੈ: **ਸੁਤੰਤਰ** ਅੱਖਰ ਅਤੇ **ਪ੍ਰਤੰਤਰ** ਅੱਖਰ।

1.1 ਸੁਤੰਤਰ ਅੱਖਰ

ਮੂਲ ਸੁਤੰਤਰ ਅੱਖਰਾਂ ਨੂੰ 'ਵਰਗਾਂ' ਵਿੱਚ ਇਵੇਂ ਵੰਡਿਆ ਗਿਆ ਹੈ (ਦੇਖੋ ਸਾਰਨੀ 1.1)।

- 'ੳ' ਤੋਂ 'ਹ' ਤੱਕ '**ਸੁਾਰਦਿਗਣ'** ਕਹਾਉਂਦਾ ਹੈ ਕਿਉਂਕਿ ਇਸ ਦੇ ਆਦਿ ਵਿੱਚ 'ਸੂਰ' ਹੈ। ਪਾਲ ਵਿੱਚ ਪਹਿਲੇ ਤਿੰਨ ਵਰਣ (ੳ, ਅ ਅਤੇ ੲ) ਸੂਰ ਕਹੇ ਜਾਂਦੇ ਹਨ। ਇਸ ਵਰਗ ਵਿੱਚ, ਇਨ੍ਹਾਂ ਸੂਰਾਂ ਨਾਲ 'ਸ' ਅਤੇ 'ਹ' ਇਸ ਲਈ ਰੱਖੇ ਗਏ ਹਨ ਕਿਉਂਕਿ ਇਹਨਾਂ ਦਾ 'ਸੂਰਾਂ' ਨਾਲ 'ਵਿਅੰਜਨਾਂ' ਨਾਲੋਂ 'ਅਸਥਾਨ ਪ੍ਰਯਤਨ' ਕਰਕੇ ਬਹੁਤਾ ਨੇੜ ਹੈ।
- ਬਾਕੀ ਦੇ ਅੱਖਰਾਂ ਨੂੰ ਪੰਜਾਂ ਪਾਲਾਂ ਵਿੱਚ ਵੰਡਿਆ ਗਿਆ ਹੈ ਕਿਉਂਕਿ ਹਰ ਪਾਲ ਦੇ ਅੱਖਰ ਆਪੋ ਵਿੱਚੀ ਬਹੁਤ ਮਿਲਦੇ (ਵਰਗੇ) ਹਨ। ਇਹ ਕ੍ਰਮਵਾਰ ਇਸ ਪ੍ਰਕਾਰ ਹਨ: '**ਕਵਰਗ'**, '**ਚਵਰਗ'**, '**ਟਵਰਗ'**, '**ਤਵਰਗ'** ਅਤੇ '**ਪਵਰਗ'।**
- 'ਯ' ਵਾਲੀ ਪਾਲ ਨੂੰ '**ਯਾਦਿਗਣ'** ਕਿਹਾ ਜਾਂਦਾ ਹੈ, ਕਿਉਂਕਿ ਇਹ 'ਯ' ਨਾਲ ਸ਼ੁਰੂ ਹੁੰਦੀ ਹੈ।

ਗੁਰਮੁਖੀ ਲਿੱਪੀ ਦੇ 'ਵਰਣ' ਪੰਜ ਪ੍ਰਕਾਰ ਦੇ ਹਨ:

1. **ਸੂਰ** - ਜਾਤੀ ਭੇਦ ਕਰਕੇ – ੳ, ਅ, ੲ ਅਤੇ ਇਨ੍ਹਾਂ ਦੇ ਵਿਸ਼ੇਸ਼ ਰੂਪ 'ਊ' ਆਦਿਕ 'ਸੂਰ' ਹਨ। ਸੂਰ-ਧੁਨੀਆਂ ਉਹ ਹੁੰਦੀਆਂ ਹਨ ਜਿਨ੍ਹਾਂ ਦੇ ਉਚਾਰਨ ਵੇਲੇ ਸਾਡੇ ਫੇਫੜਿਆਂ ਦੀ ਹਵਾ ਬੇਰੋਕ ਗਤੀ ਨਾਲ ਬਾਹਰ ਨਿਕਲਦੀ ਹੈ। ਇਨ੍ਹਾਂ ਨੂੰ ਬੋਲਣ ਲਈ ਬਹੁਤ ਘੱਟ ਸਮਾਂ ਲਗਦਾ ਹੈ। ਇਸ ਤਰ੍ਹਾਂ ੳ, ਅ, ੲ ਤਿੰਨ 'ਸੂਰ-ਵਾਹਕ' ਅੱਖਰ ਹਨ।
2. **ਵਿਅੰਜਨ** – 'ਸ' ਤੋਂ 'ੜ' ਤੱਕ ਦੇ ਵਰਣ 'ਵਿਅੰਜਨ' ਕਹੇ ਜਾਂਦੇ ਹਨ। ਵਿਅੰਜਨ ਉਹ ਧੁਨੀ ਹੁੰਦੀ ਹੈ ਜਿਸ ਦੇ ਉਚਾਰਨ ਵੇਲੇ ਉਚਾਰਨ-ਅੰਗ ਦੀ ਹਵਾ ਨੂੰ ਕਿਸੇ ਨਾ ਕਿਸੇ ਸਥਾਨ ਉੱਤੇ ਥੋੜ੍ਹੀ ਜਾਂ ਜ਼ਿਆਦਾ ਮਾਤਰਾ ਵਿੱਚ ਰੁਕਾਵਟ ਪਾਉਂਦੇ ਹਨ।

3. **ਸੁਪ** - ਅ, ਆ, ਇ, ਈ, ਉ, ਊ, ਏ, ਐ, ਓ ਅਤੇ ਔ 'ਸੁਪ' ਕਹੇ ਜਾਂਦੇ ਹਨ,
4. **ਵਿਪ** – ਟਿੱਪੀ, ਬਿੰਦੀ, ਅੱਧਕ, ਵਿਸਰਗ (':' ਜਾਂ 'ਃ'), ਅਤੇ ਉਪਧ (੍ਰ, ਸ੍, ੍ਹ) 'ਵਿਪ' ਹਨ,
5. **ਧੁਪ** – ਕੇਵਲ '੍ਹ' ਉਦਾਤ '੍ਹ' ਅੱਧਾ 'ਯ' ਲੰਬੀ ਰੇਖਾ (-) ਅਤੇ ਮੁੱਘ ਚਿੰਨ੍ਹ ਹੈ। ਅਜੋਕੀ ਪੰਜਾਬੀ ਵਿੱਚ ਇਨ੍ਹਾਂ ਦੀ ਮਹੱਤਤਾ ਘੱਟ ਹੈ।

ਸਾਰਨੀ 1.1 ਗੁਰਮੁਖੀ ਵਰਣਮਾਲਾ

ਬੋਲਣ ਅਸਥਾਨ	**ਵਰਗ**	**੧**	**੨**	**੩**	**੪**	**੫**
-	ਸ੍ਵਾਰਦਿਗਣ	**ੳ**	**ਅ**	**ੲ**	**ਸ**	**ਹ**
ਕੰਠ (ਗਲਾ, ਸੰਘ) – ਕੋਮਲ ਤਾਲਵੀ	ਕਵਰਗ	**ਕ**	**ਖ**	**ਗ**	**ਘ**	**ਙ**
ਤਾਲੂ (ਤਾਲਵੀ)	ਚਵਰਗ	**ਚ**	**ਛ**	**ਜ**	**ਝ**	**ਞ**
ਉਲਟ-ਜੀਭੀ (ਮਸਤਕ)	ਟਵਰਗ	**ਟ**	**ਠ**	**ਡ**	**ਢ**	**ਣ**
ਦੰਤ	ਤਵਰਗ	**ਤ**	**ਥ**	**ਦ**	**ਧ**	**ਨ**
ਓਸ਼ਟ (ਹੋਠ)	ਪਵਰਗ	**ਪ**	**ਫ**	**ਬ**	**ਭ**	**ਮ**
-	ਯਾਦਿਗਣ	**ਯ**	**ਰ**	**ਲ**	**ਵ**	**ੜ**

1.2 ਪ੍ਰਤੰਤਰ ਅੱਖਰ

ਵਿਆਕਰਣ ਰੀਤਿ ਅਨੁਸਾਰ ਇਨ੍ਹਾਂ ਦੇ ਨਾਉਂ ਇਸ ਪ੍ਰਕਾਰ ਰੱਖੇ ਗਏ ਹਨ: 'ਸੁਪ', 'ਵਿਪ', ਅਤੇ 'ਧੁਪ'। ਦੇਵਨਾਗਰੀ ਦੇ 'ਕਸ਼ੈ' (क्ष) ਲਈ 'ਖ' ਹੈ। ਪੰਜਾਬੀ ਸ਼ਬਦਾਂ ਨੂੰ ਅੰਕਿਤ ਕਰਨ ਲਈ 'ਅੱਖਰਾਂ' ਨਾਲ 'ਲਗਾਂ' ਲਗਾਈਆਂ ਜਾਂਦੀਆਂ ਹਨ। ਲਗਾਂ, ਸੂਰ-ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿਪੀ-ਚਿੰਨ੍ਹ ਹਨ। ਇਨ੍ਹਾਂ ਦੀ ਵਰਤੋਂ ਅੱਖਰਾਂ ਤੋਂ ਬਗੈਰ ਨਹੀਂ ਹੁੰਦੀ, ਇਹ ਕਿਸੇ ਨਾ ਕਿਸੇ ਅੱਖਰ ਨਾਲ ਹੀ ਆਉਂਦੀਆਂ ਹਨ।

1.2.1 ਸੁਪ ਪ੍ਰਤੰਤਰ

'ਸੁਪ' ਪ੍ਰਤੰਤਰ ਅੱਖਰ ਸਾਰਨੀ 1.2 ਵਿੱਚ ਦਿੱਤੇ ਗਏ ਹਨ। ਇਹ ਹਨ: ਮੁਕਤਾ, ਕੰਨਾ, ਸਿਹਾਰੀ, ਬਿਹਾਰੀ ਅਤੇ ਔਂਕੜ। ਇਨ੍ਹਾਂ ਦੀ ਸੰਖੇਪ ਵਿਆਖਿਆ ਇਸ ਪ੍ਰਕਾਰ ਹੈ।

'ਮੁਕਤਾ': ਮੁਕਤਾ ਸੂਰ-ਧੁਨੀ ਨੂੰ ਕਹਿੰਦੇ ਹਨ ਅਤੇ ਇਸ ਦਾ ਕੋਈ ਚਿੰਨ੍ਹ ਨਹੀਂ ਹੁੰਦਾ। ਪਰ ਕਈ ਵਾਰ 'ਹਲੰਤ' (੍) ਚਿੰਨ੍ਹ ਵਰਤ ਲਿਆ ਜਾਂਦਾ ਹੈ। ਜਿਹੜੇ ਅੱਖਰਾਂ ਨੂੰ ਕੋਈ 'ਲਗ' ਨਹੀਂ ਲਗਦੀ ਉਨ੍ਹਾਂ ਨੂੰ 'ਮੁਕਤਾ' ਕਿਹਾ ਜਾਂਦਾ ਹੈ। ਅਜਿਹੇ ਅੱਖਰਾਂ ਵਿੱਚ 'ਅ' ਦੀ ਆਵਾਜ਼ ਸਮਝੀ ਜਾਂਦੀ ਹੈ ਜਿਵੇਂ;

ਘਰ = ਘ + ਰ + ਅ

ਸਰ = ਸ + ਰ + ਅ

'ਕੰਨਾ' (ਾ): ਇਹ ਲਗ 'ਆ' ਸੂਰ ਧੁਨੀ ਦਾ ਚਿੰਨ੍ਹ ਹੈ ਅਤੇ ਇਹ ਅੱਖਰ ਦੇ ਪਿੱਛੇ ਲਗਦਾ ਹੈ। ਇਸ ਚਿੰਨ੍ਹ ਦੀ ਵਰਤੋਂ 'ਓ' ਅਤੇ 'ਅ' ਅੱਖਰਾਂ ਤੋਂ ਬਿਨਾਂ ਸਾਰੇ ਅੱਖਰਾਂ ਨਾਲ ਹੁੰਦੀ ਹੈ।

ਸਿਹਾਰੀ (ਿ): ਇਹ ਲਗ 'ਇ' ਸੂਰ ਧੁਨੀ ਦੀ ਸੂਚਕ ਹੈ। ਇਹ ਅੱਖਰ ਤੋਂ ਪਹਿਲਾਂ ਲਗਦੀ ਹੈ। ਇਸ ਲਗ ਦੀ ਵਰਤੋਂ 'ਓ' ਅਤੇ 'ਅ' ਅੱਖਰਾਂ ਨੂੰ ਛੱਡ ਕੇ ਹੋਰ ਸਾਰੇ ਅੱਖਰਾਂ ਵਿੱਚ ਹੁੰਦੀ ਹੈ।

ਬਿਹਾਰੀ (ੀ): ਇਹ ਲਗ 'ਈ' ਸੂਰ ਧੁਨੀ ਦੀ ਸੂਚਕ ਹੈ, ਜੋ ਅੱਖਰ ਤੋਂ ਬਾਅਦ ਲਗਦੀ ਹੈ। ਇਹ 'ਓ' ਅਤੇ 'ਅ' ਅੱਖਰਾਂ ਨੂੰ ਛੱਡ ਕੇ ਹੋਰ ਸਾਰੇ ਅੱਖਰਾਂ ਨਾਲ ਲਗਦੀ ਹੈ।

ਔਂਕੜ (ੁ): ਇਹ ਲਗ 'ਉ' ਸੂਰ ਧੁਨੀ ਦਾ ਚਿੰਨ੍ਹ ਹੈ। ਇਸ ਦੀ ਵਰਤੋਂ ਅੱਖਰ ਦੇ ਹੇਠਾਂ ਹੁੰਦੀ ਹੈ। 'ਅ' ਅਤੇ 'ੲ' ਅੱਖਰਾਂ ਨੂੰ ਛੱਡ ਕੇ ਇਸ ਦੀ ਵਰਤੋਂ ਹਰੇਕ ਅੱਖਰ ਨਾਲ ਹੁੰਦੀ ਹੈ। ਆਮ ਕਰਕੇ ਸ਼ਬਦ ਦੇ ਅੰਤਲੇ ਅੱਖਰ ਨਾਲ ਇਸ ਦੀ ਵਰਤੋਂ ਨਹੀਂ ਹੁੰਦੀ।

ਦੁਲੈਂਕੜ (ੂ): ਇਹ ਲਗ 'ਊ' ਸੂਰ-ਧੁਨੀ ਦਾ ਚਿੰਨ੍ਹ ਹੈ ਜੋ ਅੱਖਰ ਦੇ ਹੇਠਾਂ ਲਗਾਇਆ ਜਾਂਦਾ ਹੈ। 'ਅ' ਤੇ 'ੲ' ਨਾਲ ਇਸ ਦੀ ਵਰਤੋਂ ਨਹੀਂ ਹੁੰਦੀ।

ਲਾਂ (ੇ): ਇਹ ਲਗ 'ਏ' ਸੂਰ ਧੁਨੀ ਦਾ ਚਿੰਨ੍ਹ ਹੈ ਜੋ ਅੱਖਰ ਦੇ ਉੱਤੇ ਲਗਾਈ ਜਾਂਦੀ ਹੈ। ਇਸ ਲਗ ਦੀ ਵਰਤੋਂ 'ੳ' ਅਤੇ 'ਅ' ਨਾਲ ਨਹੀਂ ਹੁੰਦੀ।

ਦੁਲਾਵਾਂ (ੈ): ਇਹ ਲਗ 'ਐ' ਸੂਰ ਧੁਨੀ ਦਾ ਚਿੰਨ੍ਹ ਹੈ ਜੋ ਲਾਂ ਵਾਂਗ ਅੱਖਰ ਦੇ ਉੱਪਰ ਲਗਾਈ ਜਾਂਦੀ ਹੈ। ਇਸ ਲਗ ਦੀ ਵਰਤੋਂ 'ੳ' ਅਤੇ 'ੲ' ਨਾਲ ਨਹੀਂ ਹੁੰਦੀ।

ਹੋੜਾ (ੋ): ਇਹ ਲਗ 'ਓ' ਸੂਰ ਧੁਨੀ ਦਾ ਚਿੰਨ੍ਹ ਹੈ ਜੋ ਅੱਖਰ ਦੇ ਉੱਪਰ ਲਗਾਈ ਜਾਂਦੀ ਹੈ। ਇਸ ਲਗ ਦੀ ਵਰਤੋਂ 'ਅ' ਅਤੇ 'ੲ' ਨਾਲ ਨਹੀਂ ਹੁੰਦੀ।

ਕਨੌੜਾ (ੌ): ਇਹ ਲਗ 'ਔ' ਸੂਰ ਧੁਨੀ ਦਾ ਚਿੰਨ੍ਹ ਹੈ ਜੋ ਅੱਖਰ ਦੇ ਉੱਪਰ ਲਗਾਈ ਜਾਂਦੀ ਹੈ। ਇਸ ਲਗ ਦੀ ਵਰਤੋਂ 'ੳ' ਅਤੇ 'ੲ' ਨਾਲ ਨਹੀਂ ਹੁੰਦੀ।

ਸਾਰਨੀ 1.2 'ਸੁਪ' ਪ੍ਰਤੰਤਰ ਅੱਖਰ

o	ਾ	ਿ	ੀ	ੁ	ੂ	ੇ	ੈ	ੋ	ੌ
ਮੁਕਤਾ (ਸੁੰਨ)	ਕੰਨਾ	ਸਿਹਾਰੀ	ਬਿਹਾਰੀ	ਔਂਕੜ	ਦੁਲੈਂਕੜ	ਲਾਂ	ਦੁਲਾਂ	ਹੋੜਾ	ਕਨੌੜਾ

1.2.2 ਵਿਪ ਪ੍ਰਤੰਤਰ

'ਵਿਪ' ਪ੍ਰਤੰਤਰ ਅੱਖਰ ਸਾਰਨੀ 1.3 ਵਿੱਚ ਦਿੱਤੇ ਗਏ ਹਨ। ਇਹ ਹਨ ਟਿੱਪੀ, ਬਿੰਦੀ, ਅੱਧਕ, ਉਪਧ ਅਤੇ ਵਿਸਰਗ (: ਜਾਂ ਃ)। ਇਨ੍ਹਾਂ ਨੂੰ 'ਲਗਾਖਰ' ਵੀ ਕਿਹਾ ਜਾਂਦਾ ਹੈ। ਇਹ ਸ਼ਬਦਾਂ ਦੇ ਉਚਾਰਨ ਵਿੱਚ ਖਾਸ ਯੋਗਦਾਨ ਪਾਉਂਦੇ ਹਨ। 'ਉਪਧ' ਅਤੇ 'ਵਿਸਰਗ' ਦੀ ਮਹੱਤਤਾ ਗੁਰਬਾਣੀ ਵਿੱਚ ਵਿਸੇਸ਼ ਥਾਂ ਰੱਖਦੀ ਹੈ। ਇਨ੍ਹਾਂ ਦੀ ਸੰਖੇਪ ਵਿਆਖਿਆ ਇਸ ਪ੍ਰਕਾਰ ਹੈ।

ਟਿੱਪੀ (ੰ) ਅਤੇ ਬਿੰਦੀ (ਂ): ਇਹ ਚਿੰਨ੍ਹ ਨਾਸਿਕੀ ਸੂਰ-ਧੁਨੀਆਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ। ਇਹ ਦੋਵੇਂ ਚਿੰਨ੍ਹ 'ਲਗਾਂ' ਦੇ ਨਾਲ ਆਉਂਦੇ ਹਨ ਅਤੇ ਇਸੇ ਕਰਕੇ ਇਨ੍ਹਾਂ ਨੂੰ 'ਲਗਾਖਰ' ਕਿਹਾ ਜਾਂਦਾ ਹੈ। ਕਿਸੇ ਅੱਖਰ ਨਾਲ ਲਗਾਂ ਇਕੱਠੀਆਂ ਨਹੀਂ ਲਗਦੀਆਂ। ਟਿੱਪੀ ਅਤੇ ਬਿੰਦੀ ਦੀ ਵਰਤੋਂ 'ਲਗਾਂ' ਅਨੁਸਾਰ ਹੁੰਦੀ ਹੈ। ਟਿੱਪੀ ਦੀ ਵਰਤੋਂ ਮੁਕਤਾ, ਸਿਹਾਰੀ, ਔਂਕੜ ਅਤੇ ਦੁਲੈਂਕੜ ਨਾਲ ਜਦ ਕਿ ਬਿੰਦੀ ਦੀ ਵਰਤੋਂ ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ ਨਾਲ ਹੁੰਦੀ ਹੈ। 'ੳ' ਅੱਖਰ ਨੂੰ ਲੱਗੇ ਔਂਕੜ ਅਤੇ ਦੁਲੈਂਕੜ ਨਾਲ ਟਿੱਪੀ ਨਹੀਂ ਬਿੰਦੀ ਲਗਦੀ ਹੈ।

ਅਧਕ (ੱ): ਇਹ ਸ਼ਬਦ ਦੇ ਉਚਾਰਨ ਲਈ ਦਬਾਅ ਜਾਂ ਬਲ ਦਾ ਚਿੰਨ੍ਹ ਹੈ। ਸ਼ਬਦ ਦੇ ਉਚਾਰਨ ਵਿੱਚ ਜੇ ਕਿਸੇ ਧੁਨੀ ਉੱਪਰ ਦਬਾਅ ਜਾਂ ਖਾਸ ਬਲ ਦੇਣਾ ਹੋਵੇ ਤਾਂ ਉਸ ਧੁਨੀ ਨੂੰ ਅੰਕਿਤ ਕਰਨ ਵਾਲੇ ਅੱਖਰ ਤੋਂ ਪਹਿਲੇ ਅੱਖਰ ਉੱਪਰ ਅਧਕ ਲਗਾ ਦਿੱਤਾ ਜਾਂਦਾ ਹੈ ਜਿਵੇਂ, ਕੁੱਤਾ, ਪੱਖਾ ਜਾਂ ਘੱਟ ਆਦਿ। ਇਸ ਦੀ ਵਰਤੋਂ ਕੇਵਲ ਮੁਕਤਾ, ਸਿਹਾਰੀ ਜਾਂ ਔਂਕੜ ਲਗਾਂ ਨਾਲ ਹੀ ਕੀਤੀ ਜਾਂਦੀ ਹੈ।

ਉਪਧ (੍) ਅਤੇ ਵਿਸਰਗ (ਃ): ਇਨ੍ਹਾਂ ਪ੍ਰਤੰਤਰਾਂ ਦੀ ਵਰਤੋਂ ਅਜੋਕੀ ਪੰਜਾਬੀ ਵਿੱਚ ਨਹੀਂ ਕੀਤੀ ਜਾਂਦੀ। ਗੁਰਬਾਣੀ ਲਈ ਇਨ੍ਹਾਂ ਦਾ ਖਾਸ ਮਹੱਤਵ ਹੈ।

ਸਾਰਨੀ 1.3 'ਸੁਪ' ਪ੍ਰਤੰਤਰ ਅੱਖਰ

◌ੰ	◌ਂ	◌ੱ	◌੍	◌ਃ
ਟਿੱਪੀ	ਬਿੰਦੀ	ਅੱਧਕ	ਉਪਧ	ਵਿਸਰਗ

1.2.3 ਘੁਪ ਪ੍ਰਤੰਤਰ

'ਘੁਪ' ਪ੍ਰਤੰਤਰ ਅੱਖਰ ਸਾਰਨੀ 1.4 ਵਿੱਚ ਦਿੱਤੇ ਗਏ ਹਨ। ਪੈਰ ਚ 'ਹ' ਨੂੰ ਛੱਡ ਕੇ ਇਨ੍ਹਾਂ ਪ੍ਰਤੰਤਰਾਂ ਦੀ ਵਰਤੋਂ ਅਜੋਕੀ ਪੰਜਾਬੀ ਵਿੱਚ ਨਹੀਂ ਕੀਤੀ ਜਾਂਦੀ। ਗੁਰਬਾਣੀ ਲਈ ਇਨ੍ਹਾਂ ਦਾ ਖਾਸ ਮਹੱਤਵ ਹੈ।

ਸਾਰਨੀ 1.4 'ਘੁਪ' ਪ੍ਰਤੰਤਰ ਅੱਖਰ

_	◌ੵ	◌੍ਹ	◌ੑ	੦
ਮਾਨ ਚਿੰਨ੍ਹ	ਯਕਸ਼	'ਹ' ਚਿੰਨ੍ਹ	ਉਦਾਤ ਚਿੰਨ੍ਹ	ਮੁਘ ਚਿੰਨ੍ਹ

1.2.4 ਦੁੱਤ ਅੱਖਰ

'ਹ', 'ਰ' ਅਤੇ 'ਵ' ਤਿੰਨ ਇਹੋ ਜਿਹੇ ਅੱਖਰ ਹਨ ਜੋ ਵਿਅੰਜਨ ਅੱਖਰਾਂ ਦੇ ਪੈਰਾਂ ਵਿੱਚ ਵੀ ਪਾਏ ਜਾਂਦੇ ਹਨ, ਜਿਵੇਂ: ਪੜ੍ਹ, ਪ੍ਰੇਮ ਅਤੇ ਸ੍ਵਰ ਆਦਿ। ਇਨ੍ਹਾਂ ਨੂੰ 'ਦੁੱਤ ਅੱਖਰ' ਕਿਹਾ ਜਾਂਦਾ ਹੈ।

1.3 ਵਰਨਾਂ ਦੇ ਬੋਲਣ ਅਸਥਾਨ

ਮਨੁੱਖੀ ਮੂੰਹ ਦੇ ਉਹ ਅੰਗ ਜਿੱਥੇ ਅੱਖਰ ਬੋਲਦੇ ਹਨ ਉਨ੍ਹਾਂ ਨੂੰ ਅੱਖਰਾਂ ਦਾ 'ਅਸਥਾਨ' ਕਿਹਾ ਜਾਂਦਾ ਹੈ ਜਿਵੇਂ, ਕੰਠ (ਸੰਘ), ਜੀਭ, ਤਾਲੂ, ਨਾਸਾਂ, ਦੰਦ ਅਤੇ ਬੁੱਲ੍ਹ (ਹੋਠ) ਆਦਿ (ਦੇਖੋ ਰੇਖਾਚਿੱਤਰ 1.1)।

ਅੱਖਰ ਉਚਾਰਨ ਲਈ ਜੋ 'ਤਾਣ' ਲਗਦਾ ਹੈ ਉਸ ਨੂੰ 'ਪ੍ਰਯਤਨ' ਕਿਹਾ ਜਾਂਦਾ ਹੈ।

ਜਦੋਂ ਸਾਡੇ ਫੇਫੜਿਆਂ ਦੀ ਹਵਾ ਗਲੇ ਵਿੱਚ ਦੀ ਹੁੰਦੀ ਹੋਈ ਜੀਭ ਅਤੇ ਤਾਲੂ ਆਦਿ ਨਾਲ ਮੇਲ ਖਾ ਕੇ ਅੰਦਰ-ਬਾਹਰ ਫਿਰਦੀ ਹੈ ਤਾਂ ਇਨ੍ਹਾਂ ਅੰਗਾਂ ਵਿੱਚ ਅੱਖਰਾਂ ਦੀ ਉਤਪਤੀ ਹੁੰਦੀ ਹੈ। ਹਰ ਸ਼ਬਦ (ਅੱਖਰਾਂ ਦਾ ਮੇਲ) ਦਾ ਉਚਾਰਨ ਇਸੇ ਤਰ੍ਹਾਂ ਹੁੰਦਾ ਹੈ।

ਇਸ ਤਰ੍ਹਾਂ 'ਸ' ਦਾ ਦੰਤ; 'ਹ' ਦਾ ਕੰਠ; 'ਕਵਰਗ' ਦਾ ਕੰਠ; 'ਚਵਰਗ' ਦਾ ਤਾਲੂ, 'ਟਵਰਗ' ਦਾ ਮਸਤਕ; 'ਤਵਰਗ' ਦਾ ਦੰਦ; 'ਪਵਰਗ' ਦਾ ਹੋਠ; 'ਯ' ਦਾ ਤਾਲੂ; 'ਰ' ਦਾ ਮਸਤਕ; 'ਲ' ਦਾ ਦੰਤ; 'ਵ' ਦਾ ਦੰਤ-ਹੋਠ ਅਤੇ 'ੜ' ਦਾ ਮਸਤਕ ਅਸਥਾਨ ਹੈ।

ਜਦੋਂ ਕੋਈ ਨਵਾਂ ਸ਼ਬਦ ਘੜਿਆ ਜਾਂਦਾ ਹੈ ਤਾਂ ਉਸ ਦਾ ਉਚਾਰਨ ਇਨ੍ਹਾਂ ਅੰਗਾਂ ਦੁਆਰਾ ਹੀ ਹੁੰਦਾ ਹੈ। ਜੇਕਰ ਨਵੇਂ ਸ਼ਬਦ (ਅੱਖਰਾਂ ਦਾ ਮੇਲ) ਦਾ ਉਚਾਰਨ ਔਖਾ ਜਾਂ ਅਸੰਭਵ ਹੋਵੇ ਤਾਂ ਨਵਾਂ ਸ਼ਬਦ ਭਾਸ਼ਾ ਦੇ 'ਸ਼ਬਦ-ਭੰਡਾਰ' ਦਾ ਹਿੰਸਾ ਨਹੀਂ ਬਣਦਾ ਅਤੇ ਤਿਆਗ ਦਿੱਤਾ ਜਾਂਦਾ ਹੈ। ਜਿਵੇਂ 'ਙਿੰਞ' ਅੱਖਰਾਂ ਦਾ ਮੇਲ 'ਸ਼ਬਦ' ਤਾਂ ਹੈ ਪਰ ਇਸ ਦਾ ਉਚਾਰਨ ਲਗਭਗ ਅਸੰਭਵ ਹੋਣ ਕਰਕੇ ਇਹ ਸ਼ਬਦਾਵਲੀ ਦਾ ਹਿੱਸਾ ਨਹੀਂ ਹੋ ਸਕਦਾ। ਇਸ ਲਈ ਸ਼ਬਦ ਨਿਰਮਾਣ ਵਿਧੀ ਵਿੱਚ 'ਉਚਾਰਨ' ਦਾ ਰੋਲ ਵੀ ਅਤੀ ਨਿਰਣਾਇਕ ਹੁੰਦਾ ਹੈ।



ਰੇਖਾਚਿੱਤਰ 1.1 ਵਰਣਾਂ ਦੇ ਬੋਲਣ ਅਸਥਾਨ

2 ਸ਼ਬਦ ਨਿਰਮਾਣ

ਸ਼ਬਦ ਦੀ ਬਣਾਵਟ ਅਨੁਸਾਰ ਸ਼ਬਦਾਂ ਦੀਆਂ ਮੁੱਖ ਤਿੰਨ ਸ਼੍ਰੇਣੀਆਂ ਹਨ: ਮੂਲ ਸ਼ਬਦ, ਸਮਾਸੀ ਸ਼ਬਦ, ਅਤੇ ਉਤਪੰਨ ਸ਼ਬਦ। ਸਮਾਸੀ ਅਤੇ ਉਤਪੰਨ ਸ਼ਬਦਾਂ ਨੂੰ 'ਰਚਿਤ' ਸ਼ਬਦ ਆਖਦੇ ਹਨ। ਇਹ ਉਹ ਹੁੰਦੇ ਹਨ ਜੋ ਦੂਜੇ ਸ਼ਬਦਾਂ ਦੇ ਮੇਲ ਤੋਂ ਬਣਦੇ ਹਨ।

1. **ਮੂਲ ਸ਼ਬਦ (ਧਾਤੂ)**: ਜਿਹੜਾ ਸ਼ਬਦ ਹੋਰ ਸ਼ਬਦ ਤੋਂ ਨਾ ਬਣਿਆ ਹੋਵੇ ਉਸ ਨੂੰ 'ਮੂਲ ਸ਼ਬਦ' ਜਾਂ 'ਧਾਤੂ' ਆਖਦੇ ਹਨ। ਜਿਵੇਂ 'ਬਾਲ' ਅਤੇ 'ਰੋਗ' ਆਦਿ।
2. **ਸਮਾਸੀ ਸ਼ਬਦ**: ਉਹ ਸ਼ਬਦ ਜੋ ਦੋ ਜਾਂ ਵਧੀਕ ਸ਼ਬਦਾਂ ਦੇ ਮੇਲ ਤੋਂ ਬਣੇ ਹੋਣ, ਜਿਵੇਂ ਮਿਠਬੋਲਾ, ਘੁੜਦੌੜ ਜਾਂ ਦੇਸ਼-ਨਿਕਾਲਾ ਆਦਿ।
3. **ਉਤਪੰਨ ਸ਼ਬਦ**: ਉਹ ਸ਼ਬਦ ਜੋ ਮੂਲ ਸ਼ਬਦਾਂ ਨਾਲ ਸ਼ਬਦੰਸ਼ (ਅਗੇਤਰ, ਪਛੇਤਰ ਜਾਂ ਦੋਵੇ) ਲਗਾ ਕੇ ਬਣਾਏ ਗਏ ਹੋਣ, ਜਿਵੇਂ 'ਰੋਗ' ਤੋਂ 'ਅਰੋਗ' (ਅ + ਰੋਗ) ਅਤੇ 'ਅਰੋਗਤਾ' (ਅ + ਰੋਗ + ਤਾ)।

3 ਸਮਾਸ ਸ਼ਬਦ ਦਾ ਨਿਰਮਾਣ

'ਸਮਾਸ[1]' ਦਾ ਅਰਥ ਸੰਜੋਗ ਹੈ। ਜਦੋਂ ਕਿਸੇ ਦੋ ਸ਼ਬਦਾਂ ਦਾ ਆਪਸ ਵਿੱਚ ਸੰਜੋਗ ਜਾਂ ਸਮਾਸ ਹੁੰਦਾ ਹੈ ਤਾਂ ਸਮਾਸੀ ਸ਼ਬਦ ਬਣਦਾ ਹੈ। ਜਿਵੇਂ,

ਜਨਮ + ਰੋਗ = **ਜਨਮ-ਰੋਗ** (ਜਨਮ ਤੋਂ ਲੱਗਾ ਹੋਇਆ ਰੋਗ),

ਮਿੱਠਾ + ਬੋਲਾ = **ਮਿਠ-ਬੋਲਾ** (ਮਿੱਠੇ ਬੋਲ ਬੋਲਣ ਵਾਲਾ),

[1] ਸਮਾਸ - ਸੰ. ਨਾਮ/n. ਸਮ-ਆਸ. ਇੱਕ ਥਾਂ ਬੈਠਣ ਦੀ ਕ੍ਰਿਯਾ। 2. ਇਕੱਠਾ ਕਰਨਾ। 3. ਵ੍ਯਾਕਰਣ ਅਨੁਸਾਰ ਅਨੇਕ ਪਦਾਂ ਨੂੰ ਇੱਕ ਬਣਾਉਣ ਵਾਲਾ ਸੰਸਕਾਰ. ਜਿਵੇਂ- ਗੁਰਸਿੱਖਰੀਤਿ ਆਦਿਕ ਪਦਾਂ ਵਿੱਚ ਸਮਾਸ ਹੈ। [ਮਹਾਨ ਕੋਸ਼]

ਦੇਸ਼ + ਨਿਕਾਲਾ = **ਦੇਸ਼-ਨਿਕਾਲਾ** (ਦੇਸ਼ ਵਿੱਚੋਂ ਨਿਕਾਲਿਆ ਹੋਇਆ)।

ਆਮ ਕਰਕੇ ਸ਼ਬਦ ਬਣਤਰ ਵਿੱਚ ਲਘੂਤਮ ਮੁਕਤ ਅੰਗਾ ਨੂੰ 'ਧਾਤੂ' ਕਿਹਾ ਜਾਂਦਾ ਹੈ। ਭਾਵ, ਜਿਸ ਤੱਤ ਉੱਤੇ ਨਵਾਂ ਸ਼ਬਦ ਘੜਨ ਲਈ ਨੇਮ ਲਾਗੂ ਕੀਤੇ ਜਾਂਦੇ ਹਨ ਉਹ ਧਾਤੂ ਸ਼ਬਦ ਹੁੰਦਾ ਹੈ।

ਸੰਸਕ੍ਰਿਤ ਵਿਆਕਰਣ ਵਿੱਚ ਇਹ ਉਹ ਮੂਲ ਸ਼ਬਦ ਹੈ ਜਿਸ ਤੋਂ 'ਕਿਰਿਆਂ' ਬਣਦੀਆਂ ਹਨ, ਜਿਵੇਂ 'ਆਇਆ' ਦਾ ਧਾਤੂ 'ਆ' ਹੈ, ਅਤੇ 'ਪੜ੍ਹਦਾ' ਦਾ 'ਪੜ੍ਹ' ਹੈ। ਧਾਤੂ, ਮੂਲ ਅਰਥ ਦੇ ਧਾਰਨੀ ਹੁੰਦੇ ਹਨ ਅਤੇ ਇਨ੍ਹਾਂ ਨਾਲ ਕੋਈ ਵਧੇਤਰ ਨਹੀਂ ਜੁੜਿਆ ਹੁੰਦਾ [ਬਰਾੜ]। ਜੋ ਸ਼ਬਦ 'ਧਾਤੂ' ਤੋਂ ਬਣੇ ਪਰ ਕਿਰਿਅ ਨਾ ਹੋਵੇ ਉਸ ਨੂੰ 'ਕਾਰਦੰਤਕ' ਆਖਦੇ ਹਨ।

3.1 ਸਮਾਸ ਸ਼ਬਦ ਘੜਨ ਦਾ ਤਰੀਕਾ

ਦੋ ਜਾਂ ਦੋ ਤੋਂ ਵੱਧ ਸੰਪੂਰਨ ਸ਼ਬਦਾਂ ਦੇ ਸੁਮੇਲ ਨਾਲ ਸਿਰਜਿਆ ਨਵਾਂ ਸ਼ਬਦ **ਸਮਾਸ** ਕਹਾਉਂਦਾ ਹੈ। ਇਸ ਦੀ ਸਿਰਜਣਾ ਦਾ ਬਾਕਾਇਦਾ ਵਿਧੀ-ਵਿਧਾਨ ਤੇ ਉਦੇਸ਼ ਹੁੰਦਾ ਹੈ। ਪੰਜਾਬੀ ਭਾਸ਼ਾ ਵਿੱਚ ਮੌਜੂਦ ਸਮਾਸਾਂ ਦੇ ਅਧਿਐਨ ਉਪਰੰਤ ਇਸ ਬਾਰੇ ਜੋ ਪੱਖ ਦ੍ਰਿਸ਼ਟੀਗੋਚਰ ਹੋਏ ਹਨ, ਉਨ੍ਹਾਂ ਵਿੱਚੋਂ ਪ੍ਰਮੁੱਖ ਪੱਖ ਨਿਮਨ-ਅੰਕਿਤ ਹਨ:

1. **ਵਿਭਿੰਨ ਸੰਕਲਪਾਂ ਦਾ ਮੇਲ:** ਜਦੋਂ ਦੋ ਵਿਭਿੰਨ ਸ਼ਬਦਾਂ ਦੇ ਵਿਭਿੰਨ ਸੰਕਲਪ ਮਿਲ ਕੇ ਇੱਕ ਸਾਂਝੇ ਸੰਕਲਪ ਨੂੰ ਜਨਮ ਦਿੰਦੇ ਹਨ। ਜਿਵੇਂ,

   ਹੱਥਕੜੀ = ਹੱਥ + ਕੜੀ

   ਇਸ ਸਮਾਸ ਵਿੱਚ 'ਹੱਥ' ਤੇ 'ਕੜੀ' (ਜੰਜ਼ੀਰ) ਦੋ ਵਿਭਿੰਨ ਸੰਕਲਪਾਂ ਵਾਲੇ ਸ਼ਬਦ ਹਨ ਪਰ ਇਨ੍ਹਾਂ ਦਾ 'ਸਮਾਸ' ਦੋਹਾਂ ਦੇ ਸਾਂਝੇ ਅਰਥਾਂ ਵਿੱਚ ਪ੍ਰਗਟ ਹੋਇਆ ਹੈ। ਕਹਿਣ ਦਾ ਭਾਵ ਹੈ ਕਿ 'ਹੱਥਕੜੀ' ਹੱਥ ਨੂੰ ਲਗਾਉਣ ਵਾਲੀ ਕੜੀ ਹੈ। ਪੰਜਾਬੀ ਵਿੱਚ ਅਜਿਹੇ ਸਮਾਸ ਕਾਫੀ ਪ੍ਰਚਲਤ ਹਨ। ਜਿਵੇਂ,

   ਚਾਰਦੀਵਾਰੀ, ਆਤਮ-ਹੱਤਿਆ, ਕਬਰਿਸਥਾਨ (ਕਬਰਿਸਤਾਨ), ਸ਼ਮਸ਼ਾਨਘਾਟ, ਧੋਬੀਘਾਟ, ਜ਼ਿਕਰਯੋਗ, ਤਸੱਲੀਬਖਸ਼, ਉਦੇਸ਼ਪੂਰਨ, ਅਤੇ ਬਦਚਲਨ ਆਦਿ।

2. **ਸ਼ਬਦ-ਸੰਧੀ:** ਇਸ ਵਿੱਚ ਪਹਿਲੇ ਸ਼ਬਦ ਦੀ ਆਖਰੀ ਧੁਨੀ (ਭਾਵਅੰਸ਼) ਤੇ ਦੂਸਰੇ ਸ਼ਬਦ ਦੀ ਪਹਿਲੀ ਧੁਨੀ ਸੰਧੀ ਕਰਕੇ ਆਪੋ-ਆਪਣੇ ਸ਼ਬਦ ਦਾ ਰੂਪ ਬਦਲ ਦਿੰਦੀ ਹੈ। ਜਿਵੇਂ,

   ਆਮਦਨ = ਆਮਦ + ਧਨ

   ਭਾਵ, ਜੋ ਧਨ ਕਿਸੇ ਪਾਸ 'ਆਮਦ' ਕਰਦਾ ਹੈ (ਆਉਂਦਾ ਹੈ) ਉਹ 'ਆਮਦਨ' ਕਹਾਉਂਦਾ ਹੈ।

3. **ਵਿਚਾਰ ਨੂੰ ਜ਼ੋਰਦਾਰ ਬਣਾਉਣਾ:** ਜਦੋਂ ਕਿਸੇ ਵਿਚਾਰ, ਸੰਕਲਪ ਜਾਂ ਕਾਰਜ ਨੂੰ ਵਧੇਰੇ ਜ਼ੋਰਦਾਰ ਬਣਾਉਣਾ ਹੋਵੇ ਤਾਂ ਉਦੋਂ ਵਿਭਿੰਨ ਸ਼ਬਦਾਂ ਦੀ ਬਜਾਏ ਇਕੋ ਸ਼ਬਦ ਦੇ ਦੁਹਰਾਉ ਨਾਲ ਸਮਾਸ ਸਿਰਜ ਲਿਆ ਜਾਂਦਾ ਹੈ। ਜਿਵੇਂ,

   ਰੁਕ ਰੁਕ ਕੇ, ਡਰ ਡਰ ਕੇ, ਮਰ ਮਰ ਕੇ, ਭਰ ਭਰ ਕੇ, ਦੂਰ ਦੂਰ, ਨੇੜੇ ਨੇੜੇ ਆਦਿ।

4. **ਭਾਵ-ਅੰਸ਼ ਦੀ ਵਰਤੋਂ:** ਕਈ ਵਾਰ ਕਿਸੇ ਗੱਲ (ਵਿਚਾਰ) ਨੂੰ ਵਧੇਰੇ ਸਪਸ਼ਟ 'ਤੇ ਭਰਵੇਂ ਰੂਪ ਵਿੱਚ ਪੇਸ਼ ਕਰਨਾ ਹੋਵੇ ਤਾਂ ਇਕੋ ਸ਼ਬਦ ਦੇ ਦੁਹਰਾਉ ਸਮੇਂ ਦੋਹਾਂ ਵਿਚਾਲੇ ਕੋਈ 'ਭਾਵ-ਅੰਸ਼' ਲਾ ਦਿੱਤਾ ਜਾਂਦਾ ਹੈ ਜਿਸ ਦਾ ਉਚਾਰਨ ਦੂਸਰੇ ਸ਼ਬਦ ਨਾਲ ਮਿਲ ਕੇ ਹੁੰਦਾ ਹੈ ਜਿਵੇਂ,

   ਖਾਹਮਖਾਹ = ਖਾਹ+ **ਮ** +ਖਾਹ,

   ਕਸ਼ਮਕਸ਼ = ਕਸ਼ + **ਮ** + ਕਸ਼,

   ਤਣਪੱਤਣ = ਤਣ + **ਪ** + ਤਣ,

   ਵਾਦ-ਵਿਵਾਦ = ਵਾਦ + **ਵਿ** + ਵਾਦ,

   ਹੂਬਹੂ = ਹੂ + **ਬ** + ਹੂ,

   ਕਮਸੇਕਮ = ਕਮ + **ਸੇ** + ਕਮ,

5. **ਸ਼ਬਦ-ਕਿਰਿਆ ਸੁਮੇਲ:** ਜਦੋਂ ਕਿਸੇ ਸਥਿਤੀ ਨੂੰ ਵਧੇਰੇ ਸਪਸ਼ਟ ਕਰਨਾ ਹੋਵੇ ਤਾਂ ਉਸ ਸਥਿਤੀ ਨਾਲ ਸਬੰਧਤ ਸ਼ਬਦ ਤੇ ਸ਼ਬਦ ਨਾਲ ਸਬੰਧਤ ਕਾਰਜ ਜਾਂ ਕਿਰਿਆ ਨੂੰ ਜੋੜ ਕੇ ਸਮਾਸ ਸਿਰਜ ਲਿਆ ਜਾਂਦਾ ਹੈ। ਜਿਵੇਂ,

    ਖ਼ੂਨ-ਖਰਾਬਾ, ਲਹੂ-ਲੁਹਾਣ, ਹਨੇਰਗਰਦੀ, ਸ਼ਾਨ-ਸ਼ੌਕਤ, ਹੇਰਾਫੇਰੀ ਆਦਿ।

6. **ਸ਼ਬਦ-ਰੂਪਾਂ ਦਾ ਸੁਮੇਲ:** ਇਸ ਵਿੱਚ ਕਿਸੇ ਕਾਰਜ ਨੂੰ ਵਧੇਰੇ ਸਪਸ਼ਟ ਤੇ ਜ਼ੋਰਦਾਰ ਦਰਸਾਉਣ ਲਈ ਇਕੋ ਸ਼ਬਦ ਦਾ ਹੀ ਇੱਕ ਹੋਰ ਰੂਪ ਜੋੜ ਕੇ ਸਮਾਸ ਘੜ ਲਿਆ ਜਾਂਦਾ ਹੈ। ਜਿਵੇਂ,

    ਜੁੰਡੋ-ਜੁੰਡੀ, ਗੁਤੋ-ਗੁੱਤੀ, ਡਾਂਗੋ-ਡਾਂਗੀ, ਮੇਹਣੋਂ-ਮੇਹਣੀ, ਗਾਲੋ-ਗਾਲੀ, ਰਾਤੋ-ਰਾਤ, ਦਿਨੋ-ਦਿਨ, ਸਾਹੋ-ਸਾਹ ਆਦਿ।

7. **ਵਿਭਿੰਨ ਕਾਰਜ ਦਰਸਾਉਂਦੇ ਸ਼ਬਦਾਂ ਦਾ ਸੁਮੇਲ:** ਜਦੋਂ ਕਿਸੇ ਇਕੋ ਕਾਰਜ ਨੂੰ ਵਧੇਰੇ ਪ੍ਰਭਾਵਸ਼ਾਲੀ ਦਰਸਾਉਣਾ ਹੋਵੇ ਤਾਂ ਉਸ ਕਾਰਜ ਨਾਲ ਸਬੰਧਤ ਦੋ ਵਿਭਿੰਨ ਕਾਰਜ ਦਰਸਾਉਂਦੇ ਸ਼ਬਦਾਂ ਦਾ ਸਮਾਸ ਬਣਾ ਲਿਆ ਜਾਂਦਾ ਹੈ। ਜਿਵੇਂ,

    ਓਹੜ-ਪੋਹੜ, ਮਿੰਨਤਾਂ-ਤਰਲੇ, ਮਰੇ-ਮੁੱਕਰੇ, ਹੰਝੂ-ਹੌਕੇ, ਵਿਗੜਿਆ-ਤਿਗੜਿਆ, ਉਥਲ-ਪੁਥਲ ਆਦਿ।

8. **ਵਿਪਰੀਤ ਸ਼ਬਦਾਂ ਦਾ ਸੁਮੇਲ:** ਕਈ ਵਾਰ ਕਿਸੇ ਕਾਰਜ ਜਾਂ ਸਥਿਤੀ ਨੂੰ ਸੰਪੂਰਨ ਰੂਪ ਵਿੱਚ ਪੇਸ਼ ਕਰਨ ਲਈ ਦੋ ਵਿਪਰੀਤ ਸ਼ਬਦਾਂ ਦਾ ਸੁਮੇਲ ਕਰ ਦਿੱਤਾ ਜਾਂਦਾ ਹੈ। ਜਿਵੇਂ,

    ਚੰਗਾ-ਮਾੜਾ, ਪਾਪ-ਪੁੰਨ, ਵੱਡਾ-ਛੋਟਾ, ਅਮੀਰ-ਗਰੀਬ, ਵੈਰੀ-ਮਿੱਤਰ, ਦੁਖ-ਸੁਖ, ਗਰਮੀ-ਸਰਦੀ, ਦਿਨ-ਰਾਤ ਆਦਿ।

9. **ਸ਼ਬਦ ਦੇ ਨਾਂਹ-ਵਾਚੀ ਰੂਪ ਦਾ ਸੁਮੇਲ:** ਕਈ ਵਾਰ ਕਿਸੇ ਧਾਰਨਾ ਦੀ ਪੂਰਤੀ ਲਈ ਇਕੋ ਸ਼ਬਦ ਦੇ ਨਾਂਹ-ਵਾਚੀ ਰੂਪ ਨੂੰ ਜੋੜ ਕੇ ਸਮਾਸ ਬਣਾ ਲਿਆ ਜਾਂਦਾ ਹੈ ਜਿਵੇਂ,

    ਵੇਲੇ-ਕੁਵੇਲੇ, ਰਾਤ-ਬਰਾਤੇ, ਬੰਦਾ-ਕੁਬੰਦਾ, ਰਾਹੋਂ ਕੁਰਾਹੇ ਆਦਿ।

10. **ਮਿਲਵੇਂ-ਜੁਲਵੇਂ ਸ਼ਬਦਾਂ ਦਾ ਸੁਮੇਲ:** ਜਦੋਂ ਇਕੋ ਕਾਰਜ ਨਾਲ ਸਬੰਧਤ ਦੋ ਮਿਲਵੇਂ-ਜੁਲਵੇਂ ਸ਼ਬਦਾਂ ਨੂੰ ਜੋੜ ਲਿਆ ਜਾਂਦਾ ਹੈ ਤਾਂ ਉਸ ਨਾਲ ਬਣਿਆ ਸਮਾਸ ਵਧੇਰੇ ਅਰਥ ਭਰਪੂਰ ਬਣ ਜਾਂਦਾ ਹੈ। ਜਿਵੇਂ,

    ਘਰ-ਪਰਿਵਾਰ, ਆਂਢ-ਗੁਆਂਢ, ਰੋਟੀ-ਪਾਣੀ, ਤੰਦ-ਤਾਣੀ, ਰੰਗ-ਰੂਪ, ਰੰਗ-ਢੰਗ, ਜਲਵਾਯੂ, ਪੌਣ-ਪਾਣੀ ਆਦਿ।

11. **ਦਿਖ ਦਾ ਸੁਮੇਲ:** ਜਦੋਂ ਕਿਸੇ ਵਿਅਕਤੀ ਦਾ ਬਿੰਬ ਜਾਂ ਚਿੱਤਰ ਪੇਸ਼ ਕਰਨਾ ਹੋਵੇ ਤਾਂ ਉਸ ਦੇ ਸਰੀਰ ਦੇ ਅੰਗਾਂ ਨੂੰ ਸਮਾਸ ਵਿਧੀ ਰਾਹੀਂ ਪੇਸ਼ ਕੀਤਾ ਜਾਂਦਾ ਹੈ ਜਿਵੇਂ,

    ਮੂੰਹ-ਮੱਥਾ, ਨੈਣ-ਨਕਸ਼, ਨੱਕ-ਬੁੱਲ੍ਹ, ਹੱਥ-ਪੈਰ, ਲੱਤਾਂ-ਬਾਹਾਂ, ਰੰਗ-ਰੂਪ, ਡੀਲ-ਡੌਲ ਆਦਿ।

12. **ਸਾਰਥਕ-ਨਿਰਾਰਥਕ ਦਾ ਸੁਮੇਲ:** ਕਈ ਵਿਸ਼ੇਸ਼ ਮੌਕਿਆਂ ਉਤੇ ਸਾਰਥਕ ਸ਼ਬਦ ਨਾਲ ਉਸ ਦਾ ਨਿਰਾਰਥਕ ਰੂਪ ਲਾ ਕੇ ਸਮਾਸ ਬਣਾ ਲਿਆ ਜਾਂਦਾ ਹੈ। ਜਿਵੇਂ,

    ਰੋਟੀ-ਰਾਟੀ, ਕੰਮ-ਕੁੰਮ, ਪਾਣੀ-ਧਾਣੀ, ਚਾਹ-ਚੂਹ ਆਦਿ।

    ਸਪਸ਼ਟ ਹੈ ਕਿ ਰੋਟੀ ਸ਼ਬਦ ਸਿਰਫ 'ਰੋਟੀ' ਲਈ ਨਿਸਸ਼ਿਤ ਹੈ ਜਦੋਂ ਕਿ 'ਰਾਟੀ' ਵਿੱਚ ਕੋਈ ਵੀ ਖਾਣਯੋਗ ਵਸਤੂ ਸ਼ਾਮਲ ਹੈ। ਇਉਂ ਰੋਟੀ ਨਾਲੋਂ ਰਾਟੀ ਸ਼ਬਦ ਵਧੇਰੇ ਬਹੁ-ਅਰਥਕ (ਸਾਰਥਕ) ਬਣ ਜਾਂਦਾ ਹੈ।

13. **ਵਿਦੇਸ਼ੀ ਸ਼ਬਦਾਂ ਦੀ ਵਰਤੋਂ:** ਵਿਦੇਸ਼ੀ ਸ਼ਬਦਾਂ ਨੂੰ ਪੰਜਾਬੀ ਸ਼ਬਦਾਂ ਨਾਲ ਮੇਲ ਕੇ ਵੀ ਸਮਾਸ ਘੜੇ ਜਾਂਦੇ ਹਨ, ਜਿਸ ਵਿੱਚ ਇੱਕ ਸ਼ਬਦ ਆਪਣੀ ਬੋਲਚਾਲ ਦੀ ਭਾਸ਼ਾ ਦਾ ਅਤੇ ਦੂਸਰਾ ਬੇਗਾਨੀ ਭਾਸ਼ਾ ਦਾ ਸ਼ਬਦ ਜੋੜ ਲਿਆ ਜਾਂਦਾ ਹੈ। ਜਿਵੇਂ,

    ਲਾਲ ਸੁਰਖ, ਚਿੱਟਾ ਸਫੈਦ, ਨੀਲਾ ਅਸਮਾਨੀ, ਕਾਲਾ ਸਿਆਹ, ਪੀਲਾ ਜ਼ਰਦ ਆਦਿ

    ਰਾਹੀ- ਪਾਂਧੀ, ਬਾਲ-ਬੱਚੇ, ਬੁੱਢੇ-ਠੇਰੇ, ਨਾਂਹ-ਨੁੱਕਰ, ਸਲਾਹ-ਮਸ਼ਵਰਾ, ਸਿਫਤ-ਸਲਾਹ, ਚਸ਼ਮਦੀਦ, ਸਬਰ-ਸੰਤੋਖ, ਦਵਾ-ਦਾਰੂ, ਬਚਿਆ-ਖੁਚਿਆ, ਰਹਿੰਦ-ਖੂੰਹਦ, ਕੰਮ-ਧੰਦਾ, ਕੰਮਕਾਰ, ਅੰਗ-ਸਾਕ, ਅੰਗਲੀ-ਸੰਗਲੀ, ਲਹਿਰ-ਬਹਿਰ ਆਦਿ

3.2 ਗੁਰਬਾਣੀ ਵਿੱਚ 'ਸਮਾਸ'

ਬਹੁਬ੍ਰੀਹੀ ਸਮਾਸ: ਇਸ ਸਮਾਸ ਵਿੱਚ ਇੱਕ ਸ਼ਬਦ ਦੂਜੇ ਦਾ ਵਿਸੇਸ਼ਣ ਹੋ ਕੇ ਸਮੁੱਚਾ 'ਸਮਾਸਿਤ ਸ਼ਬਦ' ਕਿਸੇ ਹੋਰ 'ਨਾਂਵ' ਦਾ ਵਿਸੇਸ਼ਣ ਬਣ ਜਾਂਦਾ ਹੈ, ਜਿਵੇਂ 'ਕਾਲਮੁਖਾ' (ਕਲਮੂੰਹਾਂ), ਭਾਵ ਜਿਸ ਦਾ ਮੂੰਹ ਕਾਲਾ ਹੈ। ਜਦੋਂ ਇਸ ਸਮਾਸ ਦੇ ਅੰਗ ਵੱਖੋ-ਵੱਖ ਕਰੀਏ ਤਾਂ ਵਿਸਥਾਰ ਵਿੱਚ ਪੜਨਾਂਵ 'ਜੋ', 'ਜਿਸੁ' ਆਦਿਕ ਵਰਤਣਾ ਪੈਂਦਾ ਹੈ, ਜਿਵੇਂ

ਮੇਰੇ ਮਨੁ ਤਨੁ ਸਬਦਿ ਵਿਗਾਸਿਆ ਜਪਿ 'ਅਨਤ ਤਰੰਗਾ'॥੩॥੧॥੮॥

ਇੱਥੇ 'ਅਨਤ ਤਰੰਗਾ' ਤੋਂ ਭਾਵ ਹੈ, ਜਿਸ (ਹਰੀ) ਦੇ 'ਤਰੰਗ', ਅਨਤ' (ਅਨੇਕ) ਹਨ।

'ਭਾਗ ਸੁਲਖਣਾ' ਹਰਿ ਕੰਤੁ ਹਮਾਰਾ ਰਾਮ॥

ਇੱਥੇ 'ਭਾਗ ਸੁਲਖਣਾ' ਤੋਂ ਭਾਵ ਹੈ ਜਿਸ ਦੇ ਭਾਗ (ਉਹ ਕੰਤੁ) ਸੁਲੱਖਣੇ ਹਨ।

'ਮਿਠਬੋਲੜਾ' ਜੀ ਹਰਿ ਸਜਣੁ ਸੁਆਮੀ ਮੋਰਾ॥੧॥

ਇੱਥੇ, 'ਮਿਠਬੋਲੜਾ' ਤੋਂ ਭਾਵ ਹੈ ਜਿਸ ਦੇ ਬੋਲ ਮਿਠੇ ਹਨ।

4 ਸ਼ਬਦ ਉਤਪਤੀ

ਉਤਪੰਨ ਸ਼ਬਦਾਂ ਵਿੱਚ 'ਸ਼ਬਦੰਸ਼' ਦੋ ਪ੍ਰਕਾਰ ਦੇ ਹੁੰਦੇ ਹਨ:

- '**ਅਗੇਤਰ'** – ਜੋ ਮੂਲ (ਧਾਤੂ) ਸ਼ਬਦ ਦੇ ਆਦਿ ਵਿੱਚ ਲਗਦੇ ਹਨ; 'ਅਰੋਗਤਾ' ਵਿੱਚ 'ਅ' ਅਗੇਤਰ ਹੈ;
- '**ਪਿਛੇਤਰ'** - ਜੋ ਧਾਤੂ ਸ਼ਬਦ ਦੇ ਅੰਤ ਵਿੱਚ ਜੁੜਦੇ ਹਨ, ਜਿਵੇਂ 'ਖਮਤਾ' ਵਿੱਚ 'ਤਾ' ਪਿਛੇਤਰ ਹੈ।

4.1 ਅਗੇਤਰ (ਉਪਸਰਗ)

ਅਗੇਤਰ, ਧਾਤੂ ਸ਼ਬਦ ਦੇ ਅਰਥਾਂ ਵਿੱਚ 'ਭਿੰਨਤਾ' ਜਾਂ ਵਿਸ਼ੇਸ਼ਤਾ' ਉਤਪੰਨ ਕਰ ਦਿੰਦੇ ਹਨ ਅਤੇ ਕਦੇ ਕਦੇ 'ਵਾਧੂ' ਵੀ ਹੁੰਦੇ ਹਨ। ਜਿਵੇਂ,

ਭਿੰਨਤਾ: 'ਕਾਰ' ਤੋਂ '**ਅ**ਕਾਰ' (ਮੂਰਤ), **ਪ੍ਰ**ਕਾਰ (ਭਾਂਤ), **ਵਿ**ਕਾਰ (ਬੁਰਿਆਈ), **ਉਪ**ਕਾਰ (ਭਲਿਆਈ)।

ਵਿਸ਼ੇਸ਼ਤਾ: **ਅ**ਕ੍ਰਿਤਘਣ (ਅਤੀ ਕ੍ਰਿਤਘਣ), **ਨਿ**ਖਾਲਸ (ਅਤੀ ਖਾਲਸ)।

ਵਾਧੂ: '**ਸ**ਥਾਨ', '**ਸ**ਥਿਰ', '**ਸ**ਨਾਨ', '**ਸ**ਤ੍ਰੀ' ਤੇ ਸੁਤੀ ਤੋਂ 'ਅਸਥਾਨ', 'ਅਸਥਿਰ', 'ਇਸ਼ਨਾਨ', 'ਇਸਤ੍ਰੀ' ਤੇ 'ਉਸਤਤ' ਵਿੱਚ 'ਅ', 'ਇ', ਤੇ 'ਉ'।

ਪੰਜਾਬੀ ਦੇ ਅਗੇਤਰਾਂ ਦੀਆਂ ਕੁਝ ਉਦਾਹਰਣਾਂ ਸਾਰਨੀ 4.1 ਵਿੱਚ ਦਿੱਤੀਆਂ ਗਈਆਂ ਹਨ।

ਸਾਰਨੀ 4.1 ਪੰਜਾਬੀ ਦੇ ਅਗੇਤਰ

ਅਗੇਤਰ	ਉਦਾਹਰਣ
ਉ	ਉੱਪਰ, ਉਲੰਘਣਾ, ਉਲੱਥਣਾ, ਉਗਲਣਾ, ਉੱਛਲਣਾ (ਉੱਛਾਲਵਤਾ), ਉਜੜਨਾ।
ਉਪ	ਉਪਕਾਰ, ਉਪਵਾਕ, ਉਪਨੇਮ, ਉਪ-ਰਾਸ਼ਟਰਪਤੀ
ਅ (ਨਿਖੇਧਕ)	ਅਰੋਗ, ਅਮਰ, ਅਪਵਿੱਤਰ, ਅਚੱਲ
ਅਨ/ਅਣ (ਨਖੇਧਕ)	ਅਨਪੜ੍ਹ, ਅਣਗਿਣਤ, ਅਣਜਾਣ
ਅਪ (ਬੁਰਾ, ਘਟੀਆ)	ਅਪਮਾਨ, ਅਪਕਰਮ, ਅਪਜਸ
ਸੁ, ਸ (ਚੰਗਾ, ਸਹਿਤ)	ਸੁਮੱਤ, ਸੁਪੁੱਤਰ, ਸੁਭਾਗਾ, ਸਬਲ, ਸਫਲ, ਸਜੀਵ।
ਸ੍ਵੈ (ਆਪਣਾ)	ਸ੍ਵੈਮਾਨ, ਸ੍ਵੈਰਾਜ, ਸ੍ਵੈਵਿਸ਼ਵਾਸ
ਕੁ, ਕ	ਕੁਮੱਤ, ਕੁਢੰਗ, ਕਰੂਪ
ਨਿਰ	ਨਿਰਭਉ, ਨਿਰਵੈਰ, ਨਿਰਦੋਸ਼

ਅਗੇਤਰ	ਉਦਾਹਰਣ
ਪਰ (ਪਰਾਇਆ)	ਪਰਦੇਸ, ਪਰਧਨ, ਪਰਨਾਰੀ
ਪ੍ਰ (ਅਧਿਕਤਾਵਾਚਕ)	ਪ੍ਰਬਲ, ਪ੍ਰਬੰਧ,
ਬੇ	ਬੇਸੁਰਾ, ਬੇਸਮਝ, ਬੇਈਮਾਨ, ਬੇਮੁਖ

4.2 ਪਿਛੇਤਰ

ਪਿਛੇਤਰ ਤਿੰਨ ਪ੍ਰਕਾਰ ਦੇ ਹਨ:

1. **ਕਿਰਿਆਵੀ**: ਜੋ ਧਾਤੂ ਦੇ ਮਗਰ ਲੱਗ ਕੇ ਕਿਰਿਆਂ ਬਣਾਉਂਦੇ ਹਨ। ਜਿਵੇਂ, 'ਆਇਆ' ਤੇ 'ਆਵੇ' ਵਿੱਚ 'ਇਆ' ਤੋਂ 'ਵੇ' ਦੋਵੇਂ ਕਿਰਿਆਵੀ ਪਿਛੇਤਰ ਹਨ, ਜੋ 'ਆ' ਧਾਤੂ ਦੇ ਮਗਰ ਲਾਏ ਗਏ ਹਨ।
2. **ਕਾਰਦੰਤਕੀ**: ਜੋ ਧਾਤੂ ਦੇ ਮਗਰ ਲੱਗ ਕੇ ਕਾਰਦੰਤਕ ਬਣਾਉਂਦੇ ਹਨ। ਜਿਵੇਂ, 'ਡਰਪੋਕ' ਤੇ 'ਵਸਨੀਕ' ਵਿੱਚ 'ਪੋਕ' ਤੇ 'ਨੀਕ'।
3. **ਤੱਧਿਤ**: ਜੋ ਧਾਤੂ ਤੋਂ ਬਿਨਾ ਕਿਸੇ ਹੋਰ ਸ਼ਬਦ ਨਾਲ ਲੱਗਣ। ਜਿਵੇਂ, 'ਦਿੱਲੀਵਾਲਾ' ਤੇ 'ਸੁੰਦਰਤਾ' ਵਿੱਚ 'ਵਾਲਾ' ਤੇ 'ਤਾ'।

ਪੰਜਾਬੀ ਦੇ ਪਿਛੇਤਰਾਂ ਦੀਆਂ ਉਦਾਹਰਣਾਂ ਸਾਰਨੀ 4.2 ਵਿੱਚ ਦਿੱਤੀਆਂ ਗਈਆਂ ਹਨ।

ਸਾਰਨੀ 4.2 ਪੰਜਾਬੀ ਦੇ ਪਿਛੇਤਰ

ਪਿਛੇਤਰ	ਉਦਾਹਰਨ
ਊ	ਕਮਾਊ, ਤਾਰੂ, ਮਾਰੂ, ਡਰੂ
ਆ	ਝਗੜਾ, ਰਗੜਾ, ਭੁੱਖਾ, ਸੇਵਕਾ, ਮਲਕਾ, ਹਲਕਾ
ਆਈ	ਲਿਖਾਈ, ਪੜ੍ਹਾਈ, ਲੜਾਈ, ਸਚਾਈ, ਬੁਰਿਆਈ
ਆਣੀ	ਪੰਡਤਾਣੀ, ਖਤਰਾਣੀ, ਜਿਠਾਣੀ
ਈ	ਸਫਾਈ, ਦੋਸਤੀ, ਦੁਸ਼ਮਣੀ, ਪਹਾੜੀ, ਬਘਿਆੜੀ
ਈਨ	ਰੰਗੀਨ, ਨਮਕੀਨ, ਮਲੀਨ, ਕੁਲੀਨ
ਸਾਰ	ਮਿਲਣਸਾਰ, ਹੰਢਣਸਾਰ
ਸਤਾਨ	ਕਬਰਿਸਤਾਨ, ਹਿੰਦੁਸਤਾਨ, ਅਫਗਾਨਿਸਤਾਨ,
ਹੀਣ, ਹੀਨ	ਬਲਹੀਣ, ਕਰਨਹੀਨ
ਕਾਰ	ਸਲਾਹਕਾਰ, ਟੀਕਾਕਾਰ
ਗਰ	ਕਾਰੀਗਰ, ਸੌਦਾਗਰ, ਜਾਦੂਗਰ
ਮਾਨ	ਬੁੱਧੀਮਾਨ, ਸ਼ਕਤੀਮਾਨ

5 ਸੰਧੀ

ਦੋ ਵਰਣਾਂ ਦੇ ਪਰਸਪਰ ਮੇਲ ਤੋਂ ਪੈਦਾ ਹੋਏ 'ਧਵਨੀ ਵਿਕਾਰ' ਨੂੰ 'ਸੰਧੀ' ਕਿਹਾ ਜਾਂਦਾ ਹੈ। ਪਾਣਿਨੀ ਨੇ "ਅੱਖਰਾਂ ਦੇ ਨਿਰੰਤਰ ਮੇਲ ਨੂੰ ਸੰਧੀ ਕਿਹਾ ਹੈ।" 'ਸੰਧੀ' ਅਤੇ 'ਸੰਜੋਗ' ਵਿੱਚ ਇਹ ਅੰਤਰ ਹੈ ਕਿ ਸੰਜੋਗ ਵਿੱਚ ਅੱਖਰ 'ਜਿਉਂ ਦੇ ਤਿਉਂ' ਰਹਿੰਦੇ ਹਨ, ਜਦਕਿ 'ਸੰਧੀ' ਵਿੱਚ ਉਚਾਰਨ ਦੇ ਨਿਯਮਾਂ ਅਨੁਸਾਰ ਦੋ ਅੱਖਰਾਂ ਦੇ ਮੇਲ ਵਿੱਚ ਉਨ੍ਹਾਂ ਦੀ ਥਾਂ ਕੋਈ ਭਿੰਨ ਅੱਖਰ ਹੋ ਜਾਂਦਾ ਹੈ। ਸੰਧੀ ਵਿੱਚ ਇਹ ਸ਼ਰਤਾਂ ਸ਼ਾਮਲ ਹੁੰਦੀਆਂ ਹਨ।

ਵਿਕਾਰ: ਦੋ ਵਰਣਾਂ ਦੇ ਪਰਸਪਰ ਮੇਲ ਨਾਲ ਜੋ ਪਰਿਵਰਤਨ ਹੁੰਦਾ ਹੈ ਉਸ ਨੂੰ ਵਿਕਾਰ ਕਹਿੰਦੇ ਹਨ, ਜਿਵੇਂ: ਵਿਦਿਆ + ਆਲਯ = **ਵਿਦਿਆਲਯ** = **ਵਿਦਿਆਲਿਆ।**

ਸੰਯੋਗ: ਜਿਸ ਸ਼ਬਦ ਵਿੱਚ ਦੋ ਵਰਣ ਪਰਸਪਰ 'ਜਿਉਂ ਦੇ ਤਿਉਂ' ਵਿਕਾਰ ਰਹਿਤ ਆ ਕੇ ਮਿਲ ਜਾਂਦੇ ਹਨ ਉਸ ਨੂੰ ਸੰਯੋਗ ਕਹਿੰਦੇ ਹਨ, ਜਿਵੇਂ: ਪੰਕ + ਜ = **ਪੰਕਜ।**

ਲੋਪ: ਜਿੱਥੇ ਪ੍ਰਥਮ ਪਦ ਦੇ ਆਖਰੀ (ਅੰਤਿਮ) ਵਰਣ ਦਾ 'ਲੋਪ' ਕਰਕੇ ਦੋਨਾਂ ਪਦਾਂ ਨੂੰ ਪਰਸਪਰ ਮਿਲਾ ਦਿੰਦੇ ਹਨ ਉੱਥੇ ਲੋਪ ਹੁੰਦਾ ਹੈ, ਜਿਵੇਂ: ਰਾਜਨ੍ + ਗ੍ਰਹਿ = **ਰਾਜਗ੍ਰਹਿ।** ਇੱਥੇ 'ਨ੍' ਲੋਪ ਹੋ ਗਿਆ ਹੈ।

ਪ੍ਰਕ੍ਰਿਤੀ ਭਾਵ: (ਜਿਉਂ ਦਾ ਤਿਉਂ) ਦੋ ਵਰਣਾਂ ਦੀ ਪਰਸਪਰ ਸੰਧੀ ਨਾ ਹੋਣ ਨੂੰ 'ਪ੍ਰਕ੍ਰਿਤੀ ਭਾਵ' ਕਿਹਾ ਜਾਂਦਾ ਹੈ। ਇਸ ਦਾ ਅਰਥ ਕਿ ਵਰਣ 'ਜਿਉਂ ਦੇ ਤਿਉਂ' ਹੀ ਰਹਿੰਦੇ ਹਨ, ਜਿਵੇਂ: ਪਰ + ਅ + ਉਪਕਾਰੀ = **ਪਰਉਪਕਾਰੀ।** ਇੱਥੇ 'ਅ' ਦੀ 'ਉ' ਨਾਲ ਸੰਧੀ ਨਹੀਂ ਹੋਈ ਹੈ।

'ਸੰਧੀ' ਤਿੰਨ ਪ੍ਰਕਾਰ ਦੀ ਹੈ:

1. **ਸੂਰ ਸੰਧੀ;**
2. **ਵਿਅੰਜਨ ਸੰਧੀ, ਅਤੇ**
3. **ਵਿਸਰਗ ਸੰਧੀ।**

5.1 ਸੂਰ ਸੰਧੀ:

ਦੋ ਸੂਰਾਂ ਦੇ ਆਪਸ ਵਿੱਚ ਨੇੜੇ ਆਉਣ ਨੂੰ 'ਸੂਰ ਸੰਧੀ' ਕਹਿੰਦੇ ਹਨ। ਜਿਵੇਂ,

ਰਾਮਾਵਤਾਰ = ਰਾਮ੍ + ਅਵਤਾਰ;

ਪਰਮੇਸਰ = ਪਰਮ੍ + ਈਸਰ।

ਇਸ ਸੰਧੀ ਦੇ ਤਿੰਨ ਨਿਯਮ ਹਨ।

5.1.1 ਇੱਕੋ ਜਾਤੀ (ਸਜਾਤੀ) ਦੇ ਸੂਰ ਜੁੜ ਕੇ ਉਸੇ ਜਾਤੀ ਦਾ ਦੀਰਘ (ਲੰਬਾ) ਸੂਰ ਹੋ ਜਾਂਦਾ ਹੈ। ਜਿਵੇਂ,

1. 'ਅ' ਅਤੇ 'ਆ' ਦੀ ਸੰਧੀ, ਜਿਵੇਂ,

ਪਰਮ + ਅਰਥ = **ਪਰਮਾਰਥ**

ਰਤਨ + ਆਕਰ = **ਰਤਨਾਕਰ**

ਰੇਖਾ + ਅੰਸ਼ = **ਰੇਖਾਂਸ਼**

ਵਾਰਤਾ + ਆਲਾਪ = **ਵਾਰਤਾਲਾਪ**

ਮੁਖ + ਅਰਬਿੰਦ = **ਮੁਖਾਰਬਿੰਦ** [ਸਾਹਿਬ ਸਿੰਘ]

ਮਲ + ਅਖਾੜਾ = **ਮਲਾਖਾੜਾ**

ਸੁਧ + ਅਖਰੁ = **ਸੁਧਾਖਰ**

ਮੁਨਿ + ਈਸੁਰ = **ਮੁਨੀਸੁਰ**

ਉੱਪਰਲੀਆਂ ਉਦਾਹਰਨਾਂ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਮੁਕਤਾ-ਅੰਤ ਸ਼ਬਦ ਦਾ ਅਖੀਰਲਾ ਅੱਖਰ ਅਸਲ ਵਿੱਚ ਦੋ ਅੱਖਰਾਂ ਦਾ ਜੋੜ ਹੁੰਦਾ ਹੈ, ਭਾਵ ਅਖੀਰਲਾ ਵਿਅੰਜਨ ਅਤੇ 'ਅ'। ਉੱਪਰ ਦਿੱਤੇ ਪ੍ਰਮਾਣਾਂ ਵਿੱਚ 'ਮੁਖ', 'ਮਲ', 'ਸੁਧ' ਨੂੰ ਇਉਂ ਲਿਖ ਸਕਦੇ ਹਾਂ,

ਮੁਖ = ਮੁਖ੍ + ਅ

ਮਲ = ਮਲ੍ + ਅ

ਸੁਧ = ਸੁਧ੍ + ਅ

'ਸੰਧੀ' ਦੇ ਇਸ ਨਿਯਮ ਅਨੁਸਾਰ 'ਮੁਖ', 'ਮਲ', 'ਸੁਧ' ਆਦਿ ਸ਼ਬਦਾਂ ਦਾ ਅੰਤਲਾ 'ਅ' ਅਗਲੇ ਸ਼ਬਦ ਦੇ ਪਹਿਲੇ ਅੱਖਰ 'ਅ' ਦਾ ਸਜਾਤੀ ਹੋਣ ਕਰਕੇ ਦੋਹਾਂ ਦਾ ਦੀਰਘ ਸੂਰ ('ਆ') ਹੋ ਜਾਂਦਾ ਹੈ, ਜੋ '**ਾ**' ਦੀ ਸ਼ਕਲ ਵਿੱਚ ਲਿਖਿਆ ਜਾਂਦਾ ਹੈ। ਭਾਵ,

ਮੁਖ + ਅਰਬਿੰਦ = ਮੁਖ੍ + ਅ + ਅਰਬਿੰਦ = **ਮੁਖਾਰਬਿੰਦ**

2. ‘ਅ’ ਤੋਂ ਪਰੇ ‘ਏ’ ਤੇ ‘ਉ’ ਹੋਣ ਤਾਂ ਇਹ ਮਿਲ ਕੇ ਬਦਲ ਜਾਂਦੇ ਹਨ। ਇਨ੍ਹਾਂ ਬਦਲੇ ਹੋਏ ਵਿਕਾਰਾਂ ਨੂੰ ‘ਗੁਣ’ ਕਿਹਾ ਜਾਂਦਾ ਹੈ। ਵਿਆਕਰਣ ਅਨੁਸਾਰ ਤਿੰਨ ਗੁਣ ਹਨ: ‘ਅ’, ‘ਏ’ ਅਤੇ ‘ਓ’। ਅਤੇ ਇਨ੍ਹਾਂ ਨੂੰ ਇਸ ਪ੍ਰਕਾਰ ਲਿਖਿਆ ਜਾਂਦਾ ਹੈ,

ਅ + ਏ = ੇ (ਲਾਂਅ)
ਅ + ਈ = **ਏ** (ੈ)
ਉ + ਊ = **ਓ** (ੋ , ਹੋੜਾ)

ਭਾਵ, ਕਿਸੇ ਮੁਕਤਾ-ਅੰਤ ਸ਼ਬਦ ਤੋਂ ਅਗਲਾ ‘ਏ’ ਜਾਂ ‘ਉ’ ਨਾਲ ਸ਼ੁਰੂ ਹੁੰਦਾ ਹੋਵੇ ਤਾਂ ‘ਸੰਧੀ’ ਵਿੱਚ ‘ਅ’ ਅਤੇ ‘ਏ’ ਮਿਲ ਕੇ **‘ੈ’** ਹੋ ਜਾਂਦੇ ਹਨ ਅਤੇ ‘ਅ’ ਤੇ ‘ਉ’ ਮਿਲ ਕੇ **‘ੌ’** ਬਣ ਜਾਂਦੇ ਹਨ। ਇਸੇ ਤਰ੍ਹਾਂ ‘ਇ’ ਤੇ ‘ਈ’ ਦਾ ਗੁਣ ‘ਏ’ (ੇ) ਹੈ ਅਤੇ ‘ਉ’ ਤੇ ‘ਊ’ ਦਾ ਗੁਣ ‘ਓ’ (ੋ) ਹੋ ਜਾਂਦਾ ਹੈ, ਜਿਵੇਂ

ਸੁਰ + ਈਸ਼ = **ਸੁਰੇਸ਼**
ਗੋਬਿੰਦ + ਇਤਿ = **ਗੋਬਿੰਦੇਤਿ**

ਇੱਥੇ ਸ਼ਬਦ ‘ਗੋਬਿੰਦ’ ਦੇ ‘ਦ’ ਦਾ ਅੰਤਲਾ ‘ਅ’ ਅਗਲੇ ਸ਼ਬਦ ‘ਇਤਿ’ ਦੀ ‘ਇ’ ਨਾਲ ਮਿਲ ਕੇ **‘ੇ’** ਬਣ ਜਾਂਦਾ ਹੈ। ਇਸੇ ਤਰ੍ਹਾਂ,

ਪੁਰਖੋਤਮੁ = ਪੁਰਖ + ਉਤਮ
ਜੋਗੇਸੁਰ = ਜੋਗ + ਈਸੁਰ
ਪਰਸਰਾਮੇਸੁਰ = ਪਰਸਰਾਮ + ਈਸੁਰ

3. ਅਨੁਸ੍ਵਾਰ (ੰ , ਂ) ਦੇ ਪਿੱਛੇ ਜੇ ਕੋਈ ਐਸਾ ਸ਼ਬਦ ਆਵੇ ਜਿਸ ਦੇ ਮੁੱਢ ਵਿੱਚ ਸ੍ਵਰ ਹੋਵੇ ਤਾਂ ਉਹ ਅਨੁਸ੍ਵਾਰ ‘ਮ’ ਹੋ ਕੇ ‘ਸ੍ਵਰ’ ਨਾਲ ਮਿਲ ਜਾਂਦਾ ਹੈ। ਜੇ ਸ੍ਵਰ ‘ਅ’ ਹੈ ਤਾਂ ‘ਮ੍’ ਦੇ ਨਾਲ ਮਿਲ ਕੇ ਸ਼ਬਦ ਅਕਰਾਂਤ ਹੋ ਜਾਂਦਾ ਹੈ, ਸ੍ਵਰ ‘ਇ’ ਦੇ ਥਾਂ ‘**ਿ**’ , ‘ਈ’ ਦੇ ਥਾਂ ‘**ੀ**’ ਹੋ ਜਾਂਦਾ ਹੈ। ਜਿਵੇਂ,

ਪਰਮਾਦਿ = ਪਰੰ + ਆਦਿ
ਪੁਰਖਮਨੋਪਿਸੰ = ਪੁਰਖੰ + ਅਨੋਪਿਮੰ
ਪਰਮਦਭੁਤੰ = ਪਰੰ + ਅਦਭੁਤੰ
ਪ੍ਰਸੰਨਮਿਦੰ = ਪ੍ਰਸੰਨੰ + ਇਦੰ

4. ਮੁਕਤਾ-ਅੰਤ ਸ਼ਬਦ ਦੀਆਂ ਅਖੀਰਲੀਆਂ ਵਿਸਰਗਾਂ (:) (ਜੋ ਅਸਲ ਵਿੱਚ ‘ਸ੍’ ਲਗ ਰਹਿਤ ‘ਸ’ ਹੈ) ‘ਉ’ ਹੋ ਜਾਂਦਾ ਹੈ, ਜੇ ਏਸ ਸ਼ਬਦ ਦਾ ਅਗਲਾ ਸ਼ਬਦ ਕਿਸੇ ਵਰਗ ਦੇ ਤੀਜੇ, ਚੌਥੇ, ਪੰਜਵੇਂ ਵਿਅੰਜਨ ਨਾਲ ਜਾਂ ਯ, ਰ, ਵ, ਲ ਨਾਲ ਆਰੰਭ ਹੋਵੇ। ਵਿਸਰਗਾਂ ਤੋਂ ਬਦਲਿਆ ਹੋਇਆ ਇਹ ‘ਉ’ ਪਹਿਲੇ ‘ਅ’ ਨਾਲ ਮਿਲ ਕੇ (ੋ) ਬਣ ਜਾਂਦਾ ਹੈ, ਜਿਵੇਂ

“ਉਂ ਨਮੋ ਭਗਵੰਤ ਗੁਸਾਈ
ਖਾਲਕੁ ਰਵਿ ਰਹਿਆ ਸਰਬ ਠਾਈ॥“

ਇਸ ਵਿੱਚ “ਉਂ ਨਮੋ ਭਗਵੰਤ” = ਉਂ ਨਮਹ ਭਗਵੰਤ ਹੈ।

ਜਾਂ

“ਕੇਵਲ ਰਾਮ ਨਾਮ ਮਨੋਰਮੰ
ਬਦਿ ਅੰਮ੍ਰਿਤ ਤਤ ਮਇਅੰ”

ਇੱਥੇ “ਮਨੋਰਮੰ” = ਮਨਹ ਰਮੰ ਹੈ।

ਉਪਰਲੇ ਪ੍ਰਮਾਣਾਂ ਵਿੱਚ 'ਨਮਹ' ਤੇ 'ਮਨਹ' ਦੇ ਸ਼ਬਦ ਸਕਾਰਾਂਤ (ਸ੍ - ਅੰਤ) ਹਨ, ਏਸ 'ਸ' (:) ਤੋਂ ਪਹਿਲੇ ਅੱਧਕ ਦੇ ਅੰਤ ਵਿੱਚ 'ਅ' ਹੈ। ਸੋ ਹੇਠ ਲਿਖੇ ਅਨੁਸਾਰ 'ਸੰਧੀ' ਹੋ ਜਾਂਦੀ ਹੈ,

ਨਮਹ + ਭਗਵੰਤ = ਨਮਸ੍ + ਭਗਵੰਤ
= ਨਮ੍ + ਉ + ਭਗਵੰਤ
= ਨਮ੍ + ਅ + ਉ + ਭਗਵੰਤ
= ਨਮ੍ + ਓ + ਭਗਵੰਤ
= ਨਮੋ + ਭਗਵੰਤ
= **ਨਮੋ ਭਗਵੰਤ**

5.2 ਵਿਅੰਜਨ ਸੰਧੀ

ਜਦ 'ਵਿਅੰਜਨ' ਨਾਲ 'ਵਿਅੰਜਨ', 'ਵਿਅੰਜਨ' ਨਾਲ 'ਸੂਰ' ਜਾਂ 'ਸੂਰ' ਨਾਲ 'ਵਿਅੰਜਨ' ਦਾ ਮੇਲ ਹੋਵੇ ਤਾਂ ਇਸ ਦੇ ਫਲਸਰੂਪ ਪੈਦਾ ਹੋਏ 'ਧਵਨੀ ਵਿਕਾਰ' ਨੂੰ 'ਵਿਅੰਜਨ ਸੰਧੀ' ਕਹਿੰਦੇ ਹਨ। ਜਿਵੇਂ;

ਵਾਕ੍ + ਜਾਲ = **ਵਾਗਜਾਲ** (ਵਿਅੰਜਨ + ਵਿਅੰਜਨ),

ਜਗਤ੍ + ਈਸ਼ =**ਜਗਦੀਸ਼** (ਵਿਅੰਜਨ + ਸੂਰ)

ਆ + ਛਾਦਨ = **ਆਛਾਦਨ** (ਸੂਰ + ਵਿਅੰਜਨ)

ਇਸ ਸੰਧੀ ਦੇ ਕੁੱਝ ਇੱਕ ਨਿਯਮ ਇਸ ਪ੍ਰਕਾਰ ਹਨ:

ਨਿਯਮ 1: ਕ੍, ਚ੍, ਟ੍, ਪ੍ ਦੇ ਅੱਗੇ – ਅਨੁਨਾਸਿਕ ਨੂੰ ਛੱਡ ਕੇ – ਕੋਈ ਘੋਸ਼ ਵਰਣ ਹੋਵੇ ਤਾਂ ਉਸ ਦੇ ਥਾਂ ਕ੍ਰਮਵਾਰ ਉਸ ਵਰਗ ਦਾ ਤੀਜਾ ਅੱਖਰ ਹੋ ਜਾਂਦਾ ਹੈ, ਜਿਵੇਂ;

ਦਿਕ੍ + ਗਜ = **ਦਿਗਜ** (ਕ ਤੋਂ ਗ)

ਵਾਕ੍ + ਈਸ਼ = **ਵਾਗੀਸ਼** (ਕ ਤੋਂ ਗ)

ਅਪ੍ + ਜ = **ਅਬਜ** (ਪ ਤੋਂ ਬ)

ਨਿਯਮ 2: ਕਿਸੇ ਵਰਗ ਦੇ ਪ੍ਰਥਮ ਅੱਖਰ ਤੋਂ ਪਰੇ ਕੋਈ ਅਨੁਨਾਸਿਕ ਵਰਣ ਹੋਵੇ ਤਾਂ ਪ੍ਰਥਮ ਵਰਣ ਦੇ ਬਦਲੇ ਉਸੇ ਵਰਗ ਦਾ ਅਨੁਨਾਸਿਕ ਵਰਣ ਹੋ ਜਾਂਦਾ ਹੈ, ਜਿਵੇਂ;

ਜਗਤ੍ + ਨਾਥ = **ਜਗਨਨਾਥ** (ਜਗੰਨਾਥ)

ਵਾਕ੍ + ਮਯ = **ਵਾਙ੍ਮਯ**

ਨਿਯਮ 3: 'ਤ' ਦੇ ਅੱਗੇ ਕੋਈ ਸੂਰ ਗ, ਘ, ਦ, ਧ, ਬ, ਭ ਜਾਂ ਯ, ਰ, ਵ ਹੋਵੇ ਤਾਂ 'ਤ' ਦੇ ਥਾਂ 'ਦ' ਹੋ ਜਾਂਦਾ ਹੈ, ਜਿਵੇ:

ਸਤ੍ + ਆਨੰਦ = **ਸਦਾਨੰਦ**

ਜਗਤ੍ + ਈਸ਼ = **ਜਗਦੀਸ਼**

ਉਤ੍ + ਗਮ = **ਉਦਗਮ**

ਤਤ੍ + ਰੂਪ = **ਤਦਰੂਪ**

ਨਿਯਮ 4: ਜਦ 'ਮ੍' ਦੇ ਬਾਅਦ ਅੰਤਸਥ (ਯ, ਰ, ਲ, ਵ) ਜਾਂ ਸ, ਹ ਵਿਅੰਜਨ ਆਉਣ ਤਾਂ 'ਮ੍' ਦਾ ਅਨੁਸੂਾਰ ਹੋ ਜਾਂਦਾ ਹੈ, ਜਿਵੇਂ:

ਸਮ੍ + ਵਾਦ = **ਸੰਵਾਦ**

ਸਮ੍ + ਸਾਰ = **ਸੰਸਾਰ**

ਸਮ੍ + ਸ਼ਯ = **ਸੰਸ਼ਯ** = **ਸੰਸਜ**

5.3 ਵਿਸਰਗ (ਃ **ਜਾਂ :**) ਸੰਧੀ

ਅਜੋਕੀ ਪੰਜਾਬੀ ਵਿੱਚ ਵਿਸਰਗ ਦੀ ਵਰਤੋਂ ਨਹੀਂ ਹੁੰਦੀ ਪਰ ਗੁਰਬਾਣੀ ਵਿੱਚ ਇਸ ਦੀ ਵਰਤੋਂ ਦੇ ਉਦਾਹਰਣ ਮਿਲਦੇ ਹਨ। ਕਿਸੇ ਵਰਣ ਦੇ ਆਰੰਭ ਵਿੱਚ ਵਿਸਰਗ ਕਦੇ ਵੀ ਵਰਤਿਆ ਨਹੀਂ ਜਾਂਦਾ।

6 ਵਿਗਿਆਨ/ਤਕਨੀਕ ਸ਼ਬਦਾਵਲੀ: ਉਦਾਹਰਣ

ਪੰਜਾਬੀ ਦੀ ਵਿਗਿਆਨਕ ਸ਼ਬਦਾਵਲੀ ਦੀਆਂ ਉਦਾਹਰਣਾਂ ਦਾ ਉਲੇਖ ਕਰਨ ਤੋਂ ਪਹਿਲਾਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤ੍ਰ ਦੀ ਸੰਖੇਪ ਜਿਹੀ ਚਰਚਾ ਕਰਾਂਗੇ।

6.1 ਗੁਰਬਾਣੀ ਦੀ ਸ਼ਬਦਾਵਲੀ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ੴ = ੧ + ੳ + ⌒ = ਏਕੰਕਾਰ = ਏਕ + ਓਂਕਾਰ (ਦੇਖੋ ਰੇਖਾਚਿੱਤਰ 6.1 **ੴ ਦੀ ਬਣਤਰ**)



ਰੇਖਾਚਿੱਤਰ 6.1 ੴ ਦੀ ਬਣਤਰ

ਇੱਥੇ **'੧'** ਤੋਂ ਅੰਕਗਣਿਤ (ਬੀਜਗਣਿਤ); **'ੳ'** ਤੋਂ ਅੱਖਰਗਣਿਤ (ਵਿਆਕਰਣ) ਅਤੇ 'ਕਾਰ' (⌒) ਤੋਂ ਰੇਖਾਗਣਿਤ ਦੀ ਉਤਪੱਤੀ ਸਮਝੀ ਜਾਂਦੀ ਹੈ। ਭਾਵ ਇਸ ਵਿੱਚ ਇਹ ਸਭ ਵਿਦਿਆਵਾਂ ਸਮਾਹਿਤ (ਲੀਨ ਹੋਈਆਂ) ਹਨ। ਇਸ ਦਾ ਪ੍ਰਮਾਣ "ਏਕੰਕਾਰ" ਇਸ ਸੰਕੇਤ ਤੋਂ ਅਰਥਾਤ 'ਸਮੂਹ ਵਾਚਕ ਪਦਾਂ ਦੇ ਇਕੱਤ੍ਰ (ਸਮਾਹਾਰ) ਕਰ ਦੇਣ ਤੋਂ ਜਾਣਿਆ ਜਾਂਦਾ ਹੈ। [ਪੰਡਿਤ ਕਰਤਾਰ ਸਿੰਘ ਦਾਖਾ, "ਸ੍ਰੀ ਗੁਰੂ ਵਿਆਕਰਣ ਪੰਚਾਇਣ[2]"]।

ਇਸ ਟੂਕ ਵਿੱਚ ਹੇਠ ਲਿਖੇ 'ਸਮਾਸੀ ਸ਼ਬਦ' ਵੀ ਆਏ ਹਨ। ਇਨ੍ਹਾਂ ਵਿੱਚ 'ਨਿਰ' ਅਤੇ 'ਅ' ਅਗੇਤਰ ਵਰਤੇ ਗਏ ਹਨ।

ਨਿਰਭਉ = ਨਿਰ[3] + ਭਉ[4]

ਨਿਰਵੈਰ = ਨਿਰ + ਵੈਰ

ਅਕਾਲ = ਅ + ਕਾਲ

ਅਜੂਨੀ = ਅ + ਜੂਨੀ[5]

ਸੈਭੰ[6] = ਸ੍ਵਯੰ + ਭਵ[7]; . ਸ੍ਵਯੰ+ ਭੂ[8]

---

[2] ਪੰਚਾਇਣ - (ਪੰਚਾਇਣੁ) ਪੰਚਾਯਤਨ. ਪੰਜਾਂ ਦਾ ਸਮੂਹ. ਪੰਜਾਂ ਦਾ ਇਕੱਠ। 2. ਪੰਜ ਤੱਤਾਂ ਦਾ ਸਮੂਹ, ਸ਼ਰੀਰ. ਦੇਹ।

[3] ਨਿਰ - ਸੰ. ਜਿਰ੍. ਵ੍ਯ. ਬਿਨਾ ਦੇਖੋ- ਨਿਹ, ਨਿਰਗੁਣ ਅਤੇ ਨਿਰਜਨ ਆਦਿ ਸ਼ਬਦ.[ਮਹਾਨ ਕੋਸ਼]

[4] ਭਉ - ਸੰ. ਭਯ. ਨਾਮ/n. ਭੈ. ਡਰ. ਖ਼ੌਫ਼. [ਮਹਾਨ ਕੋਸ਼]

[5] ਜੂਨੀ - (ਜੂਨਿ) ਦੇਖੋ- ਯੋਨਿ. ਜੀਵਾਂ ਦੀ ਉਤਪੱਤਿ ਦਾ ਸਥਾਨ. ਆਕਰ. ਜਨਮ. ਭਗ. [ਮਹਾਨ ਕੋਸ਼]

[6] ਸੈਭੰ - ਸੰ. ਸ੍ਵਯੰਭਵ. ਸ੍ਵਯੰਭੂ. ਵਿ. ਆਪਣੇ ਆਪ ਹੋਣ ਵਾਲਾ. ਜੋ ਕਿਸੇ ਤੋਂ ਨਹੀਂ ਬਣਿਆ. "[ਮਹਾਨ ਕੋਸ਼]

[7] ਭਵ - ਸੰ. ਨਾਮ/n. ਹੋਣਾ. ਸੱਤਾ. ਹੋਂਦ. ਹਸ੍ਤੀ [ਮਹਾਨ ਕੋਸ਼]

ਇਸ ਤੋਂ ਅਸੀਂ ਦੇਖ ਸਕਦੇ ਹਾਂ ਕਿ ਗੁਰਬਾਣੀ ਵਿੱਚ ਨਵੇਂ ਸ਼ਬਦ ਘੜਨ ਦੀ ਵਿਧੀ ਆਮ ਵਰਤੀ ਗਈ ਹੈ। ਇਹ ਸ਼ਬਦ ਅਜੋਕੇ ਵਿਗਿਆਨ ਅਤੇ ਤਕਨੀਕ ਦੇ ਸੰਕਲਪਾਂ ਲਈ ਸਹਿਜੇ ਹੀ ਵਰਤੇ ਜਾ ਸਕਦੇ ਹਨ। ਗੁਰਬਾਣੀ ਨਵੇਂ ਸ਼ਬਦਾਂ ਦਾ ਭੰਡਾਰ ਹੀ ਨਹੀਂ ਬਲਕਿ ਇਸ ਵਿੱਚ ਵਰਤੀ ਗਈ ਨਵੇਂ ਸ਼ਬਦ ਘੜਨ ਦੀ ਵਿਧੀ ਵੀ ਪੰਜਾਬੀ ਵਿੱਚ ਵਿਗਿਆਨਕ ਅਤੇ ਤਕਨੀਕੀ ਸਾਹਿਤ ਰਚਣ ਲਈ ਬਹੁਤ ਸਹਾਈ ਹੋ ਸਕਦੀ ਹੈ। ਇਸ ਦਾਅਵੇ ਦੀ ਪੁਸ਼ਟੀ ਲਈ ਅਸੀਂ ਇੱਕ ਹੋਰ ਦ੍ਰਿਸ਼ਟਾਂਤ ਲੈਂਦੇ ਹਾਂ।

ਪੁੰਜ ਤਰੰਗ

ਉੱਨੀਵੀਂ ਸਦੀ ਦੇ ਆਖਰੀ ਭਾਗ ਦੌਰਾਨ ਭੌਤਿਕਵਿਗਿਆਨ ਦੇ 'ਤਾਪਗਤਿਕੀ' ਖੇਤਰ ਵਿੱਚ ਤਾਪ (ਉਸ਼ਮਾ) ਦੇ ਵਹਾਉ ਦੀ ਕੁਦਰਤੀ ਪਰਿਘਟਨਾ ਦੀ ਸਹੀ ਵਿਆਖਿਆ ਦੀ ਭਾਲ ਹੋ ਰਹੀ ਸੀ। ਇਸ ਨੂੰ ਸਮਝਣ ਲਈ ਵਿਭਿੰਨ ਕਿਸਮ ਦੇ ਤਜਰਬੇ ਕੀਤੇ ਜਾ ਰਹੇ ਸਨ ਕਿ ਗਰਮ ਵਸਤੂਆਂ ਵਿੱਚੋਂ ਤਾਪ ਦਾ ਫੈਲਾਉ (ਵਿਕਿਰਣ) ਕਿਵੇਂ ਹੁੰਦਾ ਹੈ। ਜਰਮਨ ਵਿਗਿਆਨੀ 'ਮੈਕਸ ਪਲੈਂਕ' (1858 - 1947) ਨੇ ਆਪਣੇ ਤਜਰਬਿਆਂ ਤੋਂ ਇਹ ਦੇਖਿਆ ਕਿ ਤਾਪ (ਉਸ਼ਮਾਵਿਕਿਰਣ) ਦਾ ਵਹਾਉ ਇੱਕ ਨਦੀ ਵਾਂਙ ਲਗਾਤਾਰ (ਨਿਰੰਤਰ) ਨਹੀਂ ਬਲਕਿ ਇਹ ਅਲਗ ਅਲਗ (ਖੰਡਿਤ) ਗੰਡਾਂ ਜਾਂ ਪੋਟਲੀਆਂ ਦੀ ਸ਼ਕਲ ਵਿੱਚ ਹੁੰਦਾ ਹੈ। ਤਾਪ ਦੀਆਂ ਇਹ ਪੰਡਾਂ (ਤਾਪ ਪੁੰਜ) ਤਰੰਗਾਂ ਦੇ ਰੂਪ ਵਿੱਚ ਵਹਿੰਦੀਆਂ ਹਨ ਅਤੇ ਇਨ੍ਹਾਂ ਤਰੰਗਾਂ ਦੀ ਬਾਰੰਮਬਾਰਤਾ ਤਾਪਮਾਨ ਨਿਰਧਾਰਤ ਕਰਦਾ ਹੈ। ਤਾਪ ਦੀਆਂ ਇਨ੍ਹਾਂ ਪੰਡਾਂ ਨੂੰ ਮੈਕਸ ਪਲੈਂਕ ਨੇ 'ਕੁਆਂਟਾ' ਦਾ ਨਾਮ ਦਿੱਤਾ ਜਿਸ ਦਾ 'ਲਤੀਨੀ' ਭਾਸ਼ਾ ਵਿੱਚ ਅਰਥ ਹੈ 'ਰਾਸ਼ੀ' ਜਾਂ 'ਪੁੰਜ'।

ਉਹ ਇਸ ਅਹਿਮ ਸਿੱਟੇ ਤੇ ਪਹੁੰਚਾ ਕਿ ਕਿਸੇ ਗਰਮ ਵਸਤੂ ਵਿੱਚੋਂ ਤਾਪਿਕ ਊਰਜਾ ਦਾ ਨਿਕਾਸ (ਉਤਸਰਜਨ) 'ਪੁੰਜਮਈ' ਤਰੀਕੇ ਨਾਲ ਹੁੰਦਾ ਹੈ। ਭਾਵ ਗਰਮ ਵਸਤੂਆਂ ਵਿੱਚੋਂ ਤਾਪ ਦੀਆਂ 'ਪੁੰਜ ਤਰੰਗਾਂ' ਵਹਿੰਦੀਆਂ ਹਨ। ਅੱਜ, ਉਸ ਦਾ ਇਹ ਕ੍ਰਾਂਤੀਕਾਰੀ ਪਰਿਣਾਮ 'ਪੁੰਜ ਸਿਧਾਂਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਬਿਲਕੁਲ ਇਸੇ ਵਹਾਉ ਦੇ ਸੰਕਲਪ ਦਾ ਹੂ-ਬ-ਹੂ ਜ਼ਿਕਰ ਗੁਰਬਾਣੀ ਵਿੱਚ ਇਵੇਂ ਆਉਂਦਾ ਹੈ,

"ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ **ਪੁੰਜ ਤਰੰਗ** ਨਿਵਾਰਨ ਕਉ॥[9]" (ਪੰਨਾ 1404)

ਇਸ ਤੋਂ ਇਹ ਸਪਸ਼ਟ ਹੈ ਕਿ ਪੰਜਾਬੀ ਦੀ ਵਿਗਿਆਨ ਅਤੇ ਤਕਨੀਕੀ ਸ਼ਬਦਾਵਲੀ ਉਸਾਰਨ ਲਈ ਸਾਨੂੰ ਆਪਣੇ ਵਿਰਸੇ ਦੇ ਸਾਹਿਤ ਦਾ ਨਿਪੁੰਨ ਗਿਆਨ ਹੋਣਾ ਲਾਜ਼ਮੀ ਹੈ। ਯੂਰਪ ਦੇ ਸਾਇੰਸਦਾਨ ਆਪਣੀਆਂ ਸ਼ਾਸਤਰੀ ਭਾਸ਼ਾਵਾਂ (ਲਤੀਨੀ ਅਤੇ ਯੂਨਾਨੀ) ਦੇ ਉੱਚਕੋਟੀ ਦੇ ਮਾਹਰ ਸਨ। ਇਸੇ ਕਰਕੇ ਉਹ ਵਿਗਿਆਨਕ ਗਿਆਨ ਦੇ ਮੋਹਰੀ ਬਣ ਕੇ ਉੱਭਰੇ। ਅਜੋਕੇ ਭਾਰਤ ਦਾ ਮਹਾਂ ਸਦਮਾ ਇਹ ਹੈ ਕਿ ਉਸ ਨੇ ਆਪਣੇ ਵਿਗਿਆਨਕ ਵਿਰਸੇ ਨੂੰ ਵਿਸਾਰ ਕੇ 'ਨਕਲ' (ਵਿਡੰਬਨ) ਦਾ ਰਾਹ ਅਪਣਾਅ ਲਿਆ ਹੈ। ਭਾਰਤੀਆਂ ਨੂੰ ਆਪਾ ਪਛਾਨਣ ਦੀ ਲੋੜ ਹੈ।

6.2 ਵਿ: ਤ: ਸ਼: ਆ: ਦੀ ਸ਼ਬਦਾਵਲੀ

ਭਾਰਤ ਦੀ ਆਜ਼ਾਦੀ ਦੇ ਮੁਢਲੇ ਸਾਲਾਂ ਵਿੱਚ ਕੇਂਦਰ ਸਰਕਾਰ ਨੇ ਸਮੁੱਚੀ ਸਿੱਖਿਆ ਦਾ 'ਮਾਧਿਅਮ ਪਰਿਵਰਤਨ' ਕਰਨ ਲਈ ਭਾਰਤੀ ਭਾਸ਼ਾਵਾਂ ਵਿੱਚ ਵਿਗਿਆਨਕ ਸ਼ਬਦਾਵਲੀ ਦੇ ਵਿਕਾਸ ਲਈ "ਵਿਗਿਆਨ ਅਤੇ ਤਕਨੀਕੀ ਸ਼ਬਦਾਵਲੀ ਆਯੋਗ" (**ਵਿਤਸ਼ਆ**) ਦੀ ਸਥਾਪਨਾ ਕੀਤੀ। ਇਸ ਆਯੋਗ ਨੇ ਪਿਛਲੇ ਸੱਤ ਦਹਾਕਿਆਂ ਵਿੱਚ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਪ੍ਰੋਗਰਾਮ ਵਿੱਚ ਪੰਜਾਬੀ ਭਾਸ਼ਾ ਵੀ ਸ਼ਾਮਲ ਹੈ ਅਤੇ ਵਿਭਿੰਨ ਭਾਸ਼ਾਵਾਂ ਦੀਆਂ ਸ਼ਬਦਾਵਲੀਆਂ ਇੰਟਰਨੈੱਟ ਤੇ ਤਤਪਰ ਉਪਲਬਧ ਹਨ।

ਇਨ੍ਹਾਂ ਸ਼ਬਦਾਵਲੀਆਂ ਵਿੱਚੋਂ ਇੰਜਨੀਅਰੀ ਦੀਆਂ ਕੁੱਝ ਉਦਾਹਰਣਾਂ ਲੈ ਕੇ ਅਸੀਂ ਦੇਖਦੇ ਹਾਂ ਕਿ ਉੱਪਰ ਦੱਸੇ ਸ਼ਬਦ ਨਿਰਮਾਣ ਦੇ ਤਰੀਕਿਆਂ ਨੂੰ ਵਰਤ ਕੇ ਕਿਸ ਤਰ੍ਹਾਂ ਨਵੇਂ ਵਿਗਿਆਨ ਅਤੇ ਤਕਨੀਕ ਦੇ ਸ਼ਬਦ ਘੜੇ ਗਏ ਹਨ (ਦੇਖੋ ਸਾਰਨੀ 6.1)।

ਹੁਣ ਸੁਭਾਵਕ ਹੀ ਇਹ ਸਵਾਲ ਉੱਠਦਾ ਹੈ ਕਿ ਕੀ ਇਨ੍ਹਾਂ ਸ਼ਬਦਾਵਲੀਆਂ ਨੂੰ ਵਰਤੇ ਕੇ ਮਾਧਿਅਮ ਪਰਿਵਰਤਨ ਦੀ ਮੁਹਿਮ ਨੂੰ ਸਫਲ ਬਣਾਉਣ ਲਈ ਵਿਗਿਆਨ ਦੀਆਂ ਪਾਠ ਪੁਸਤਕਾਂ ਲਿਖੀਆਂ ਗਈਆਂ ਹਨ?

[8] ਭੂ - ਸੰ. ਧਾ. ਹੋਣਾ, ਪੈਦਾ ਹੋਣਾ. [ਮਹਾਨ ਕੋਸ਼]

[9] 'ਜਿਸ ਸਮਰੱਥ ਗੁਰੂ ਦਾ ਧਰਮ ਦਾ ਝੰਡਾ ਸਦਾ ਝੁੱਲ ਰਿਹਾ ਹੈ, ਮੈਂ ਉਸ ਦੀ ਸਰਨ ਲਈ ਹੈ; (ਕਿਉਂ?) ਅਡੋਲ ਬੁੱਧ ਤੇ ਉੱਚੀ ਮੱਤ ਪ੍ਰਾਪਤ ਕਰਨ ਲਈ, ਅਤੇ ਪਾਪਾਂ ਦੇ **ਪੁੰਜ ਦੇ ਤਰੰਗ** (ਆਪਣੇ ਅੰਦਰੋਂ) ਦੂਰ ਕਰਨ ਲਈ।'

ਜਿੱਥੋਂ ਤੱਕ ਸਾਡੀ ਪੁੱਛ ਪੜਤਾਲ ਦਾ ਸੰਬਾਧ ਹੈ, ਇਸ ਦਾ ਜਵਾਬ ਨਾਂਹ ਵਿੱਚ ਹੀ ਹੈ। ਬੀਤੇ ਸਮੇਂ ਵਿੱਚ ਕੁਝ ਇੱਕ ਯੂਨੀਵਰਸਿਟੀ ਦੇ ਵਿਦਵਾਨਾਂ ਨੇ ਵਿਗਿਆਨ ਦੀਆਂ ਕਿਤਾਬਾਂ ਲਿਖਣ ਦੀ ਨਿੱਜੀ ਤੌਰ ਤੇ ਜ਼ਰੂਰ ਕੋਸ਼ਿਸ਼ ਕੀਤੀ ਹੈ ਪਰ ਇਹ ਕਿਤਾਬਾਂ ਅਕਾਦਮਿਕ ਪੱਧਰ ਤੇ ਕਾਮਯਾਬ ਨਹੀਂ ਹੋ ਸਕੀਆਂ। ਇਨ੍ਹਾਂ ਕਿਤਾਬਾਂ ਵਿੱਚ ਵਰਤੀ ਗਈ ਸ਼ਬਦਾਵਲੀ ਦੋ ਪ੍ਰਕਾਰ ਦੀ ਹੈ:

1. ਆਮ ਪੰਜਾਬੀ ਸ਼ਬਦ ਕੋਸ਼ਾਂ ਦੀ ਸ਼ਬਦਾਵਲੀ ਜੋ ਕਿਸੇ ਪ੍ਰਣਾਲੀਬੱਧ ਆਧਾਰ ਤੇ ਨਹੀਂ ਘੜੀ ਗਈ, ਅਤੇ
2. ਅੰਗਰੇਜ਼ੀ ਦੇ ਤਕਨੀਕੀ ਸ਼ਬਦਾਂ ਨੂੰ 'ਜਿਵੇਂ ਦੀ ਤਿਵੇਂ' ਗੁਰਮੁੱਖੀ ਵਿੱਚ ਲਿਖ ਕੇ ਵਰਤ ਲੈਣਾ।

ਇਨ੍ਹਾਂ ਦੋਨਾਂ ਪਹੁੰਚਾਂ ਤੋਂ ਇਹੋ ਲਗਦਾ ਹੈ ਪੰਜਾਬੀ ਵਿੱਚ ਉੱਚ ਪੱਧਰ ਦਾ ਵਰਤੋਂਯੋਗ ਸਾਹਿਤ ਪੈਦਾ ਕਰਨ ਲਈ ਕੋਈ ਸੰਜੀਦਾ ਉਪਰਾਲੇ ਨਹੀਂ ਕੀਤੇ ਗਏ। ਇਸ ਵਿੱਚ ਵੱਡੀ ਤਰਾਸਦੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਦਵਾਨਾਂ ਨੂੰ 'ਵਿਤਸ਼ਆ' ਦੀਆਂ ਸ਼ਬਦਾਵਲੀਆਂ ਦੀ ਹੋਂਦ ਦੀ ਕੋਈ ਜਾਣਕਾਰੀ ਨਹੀਂ ਜਾਂ ਉਨ੍ਹਾਂ ਨੇ ਇਸ ਪਾਸੇ ਵਲ ਕੋਈ ਧਿਆਨ ਨਹੀਂ ਦਿੱਤਾ।

ਇਨ੍ਹਾਂ ਸ਼ਬਦਾਵਲੀਆਂ ਤੇ ਅਧਾਰਤ ਅਤੇ **ਮਹਾਨ ਕੋਸ਼** ਦੀ ਵਡਮੁੱਲੀ ਸਹਾਇਤਾ ਨਾਲ ਮੈਂ ਪਿਛਲੇ ਕੁੱਝ ਦਹਾਕਿਆਂ ਤੋਂ ਨਿੱਜੀ ਤੌਰ 'ਤੇ ਪੰਜਾਬੀ ਵਿੱਚ ਵਿਗਿਆਨਕ ਸਾਹਿਤ ਰਚਣ ਦੇ ਤਜਰਬੇ ਕਰ ਰਿਹਾ ਹਾਂ ਜਿਸ ਦਾ ਨਤੀਜਾ ਇਹ ਤਿੰਨ ਕਿਤਾਬਾਂ ਹਨ (ਦੇਖੋ ਰੇਖਾਚਿੱਤਰ 6.2)।

ਇਸ ਤਜਰਬੇ ਤੋਂ ਇਹ ਪੂਰੇ ਯਕੀਨ ਨਾਲ ਕਿਹਾ ਜਾ ਸਕਦਾ ਹਾਂ ਕਿ ਪੰਜਾਬੀ ਭਾਸ਼ਾ ਨੂੰ ਸਮੁੱਚੇ ਵਿਗਿਆਨ ਦੀ ਪੜ੍ਹਾਈ ਦਾ ਮਾਧਿਅਮ ਬਣਾਉਣ ਵਿੱਚ ਕੋਈ ਅੜਚਨਾਂ ਨਹੀਂ ਹਨ। ਵਿਗਿਆਨ ਅਤੇ ਤਕਨੀਕ ਦੀ ਸ਼ਬਦਾਵਲੀ ਤਤਪਰ ਮੁਫਤ ਉਪਲਬਧ ਹੈ।

ਪਰ ਇਹ ਕੰਮ ਭਗਤੀ, ਸ਼ਰਧਾ, ਦ੍ਰਿੜ੍ਹਤਾ ਅਤੇ ਇਕਸਾਰ ਪੱਕੇ ਇਰਾਦੇ ਦੀ ਮੰਗ ਕਰਦਾ ਹੈ। ਸਮੁੱਚੇ ਪੰਜਾਬ ਦੇ ਅਧਿਆਪਕਾਂ 'ਪ੍ਰੋਫੈਸਰਾਂ' ਦੇ ਕੋਲ ਕੋਈ ਬਹਾਨਾ ਨਹੀਂ ਰਹਿ ਜਾਂਦਾ ਕਿ ਉਹ ਆਪੋ ਆਪਣੇ ਵਿਸ਼ਿਆਂ ਤੇ ਵਿਗਿਆਨਕ ਸਾਹਿਤ ਅਤੇ ਵਿਦਿਆਰਥੀਆਂ ਲਈ ਪਾਠ-ਪੁਸਤਕਾਂ ਨਾ ਪੈਦਾ ਕਰਨ। ਸਾਰੇ ਵਿਦਿਅਕ ਅਦਾਰਿਆਂ ਅਤੇ ਸਰਕਾਰ ਨੂੰ ਮਿਲ ਕੇ ਇਹ ਕੰਮ ਕਰਨ ਦੀ ਲੋੜ ਹੈ।

ਰੇਖਾਚਿੱਤਰ 6.2 ਬਲਦੇਵ ਕੰਦੋਲਾਂ ਦੀਆਂ ਵਿਗਿਆਨਕ ਪਾਠ ਪੁਸਤਕਾਂ

ਸਾਰਨੀ 6.1 ਵਿਗਿਆਨਕ ਸ਼ਬਦ

ਸ਼ਬਦ	ਪਰਿਭਾਸ਼ਾ ਅਤੇ ਵਿਉਤਪੱਤੀ
ਤਾਪਗਤਿਕੀ ਜਾਂ ਉਸ਼ਮਾਗਤਿਕੀ	ਇਹ ਭੌਤਿਕਵਿਗਿਆਨ ਦੀ ਉਹ ਸ਼ਾਖਾ ਹੈ ਜੋ ਕਿਸੇ ਤੰਤਰ ਦੇ ਤਾਪ (ਉਸ਼ਮਾ), ਕੰਮ, ਅਤੇ ਤਾਪਮਾਨ ਨਾਲ ਸੰਬੰਧ ਰੱਖਦੀ ਹੋਈ ਊਰਜਾ ਦੇ ਵਹਾਉ ਦੀ ਜਾਂਚ ਪੜਤਾਲ ਕਰਦੀ ਹੈ। ਇਸ ਤਰ੍ਹਾਂ ਇਹ ਸ਼ਬਦ ‘ਤਾਪ’ ਅਤੇ ‘ਗਤਿ’ ਸ਼ਬਦਾਂ ਦੇ ਮੇਲ ਨਾਲ ਬਣਿਆ ਹੈ। **ਤਾਪਗਤਿਕੀ = ਤਾਪ + ਗਤਿ + ਕੀ** **ਤਾਪ** = (ਤਪ੍ ਧਾ.) ਸੰ. ਨਾਮ/n. ਗਰਮੀ. ਤੇਜ. ਉਸ਼੍ਣਤਾ। **ਗਤਿ** = ਗਮ੍ ਧਾ. ਸੰ. ਨਾਮ/n. ਗਮਨ. ਚਾਲ. **ਉਸਨ** - ਸੰ. ਤਞ੍ਣ- ਉਸ਼ਣ. ਵਿ. ਤੱਤਾ. ਗਰਮ। 2. ਨਾਮ/n. ਗਰਮ ਰੁੱਤ. ਗਰਮੀ. ਗ੍ਰੀਖਮ. “ਉਸਨ ਸੀਤ ਕਰਤਾ ਕਰੈ.” (ਬਿਲਾ ਮਃ ੫) **ਕੀ** = ਦੀ, ਦਾ, ਦੀਆਂ। ਇਸ ਦਾ ਭਾਵ ਹੈ ਕਿਸੇ ਵਿਸ਼ੇ ਦੇ ਬਾਰੇ ਚਰਚਾ ਕਰਨਾ।
ਰਸਾਇਣਕੀ ਜਾਂ ਰਸਾਇਣਵਿਗਿਆਨ	ਇਹ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਵਿੱਚ ਪਦਾਰਥਾਂ ਦੇ ਗੁਣ, ਮਿਸ਼ਰਨ (ਸੰਘਟਨ), ਸੰਰਚਨਾ (ਢਾਂਚਾ) ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਰਸਾਂ ਦਾ ਅਧਿਐਨ। **ਰਸਾਇਣਵਿਗਿਆਨ = ਰਸ + ਆਯਨ + ਵਿ + ਗਜਾ + ਨ** **ਰਸ** = ਸੰ. ਰਸ੍. ਧਾ. ਸ਼ਬਦ ਕਰਨਾ, ਸੁਆਦ ਲੈਣਾ (ਚੱਖਣਾ), (ਫੂਲਾਂ ਦਾ) ਰਸ, ਸ਼ਹਿਦ **ਆਯਨ** = ਸੰ. ਨਾਮ/n. ਘਰ. ਭਵਨ. ਨਿਵਾਸ ਦਾ ਅਸਥਾਨ।
ਪ੍ਰੰਗਾਰ ਰਸਾਇਣ ਜਾਂ ਕਾਰਬਨਿਕ ਰਸਾਇਣ	‘ਪ੍ਰੰਗਾਰ ਰਸਾਇਣ’ ਕਾਰਬਨਧਾਰੀ (ਪ੍ਰੰਗਾਰਧਾਰੀ) ਯੌਗਿਕ ਪਦਾਰਥਾਂ ਦੇ ਢਾਂਚੇ (ਸੰਰਚਨਾ), ਗੁਣਾਂ, ਸੰਘਟਨ ਅਤੇ ਕਿਰਿਆਵਾਂ ਦੇ ਅਧਿਐਨ ਦਾ ਵਿਸ਼ਾ ਹੈ। ਜ਼ਿਆਦਾਤਰ ਪ੍ਰੰਗਾਰੀ ਯੌਗਿਕ ਪਦਾਰਥਾਂ ਵਿੱਚ ਕਾਰਬਨ (C) ਅਤੇ ਹਾਈਡਰੋਜਨ (H_2) ਪਾਏ ਜਾਂਦੇ ਹਨ। ਇਸ ਅਧਿਐਨ ਖੇਤਰ ਨੂੰ ‘ਜੈਵਿਕ ਰਸਾਇਣ’ ਅਤੇ ‘ਕਾਰਬਨਿਕ ਰਸਾਇਣ’ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। **ਪ੍ਰੰਗਾਰ** = ਪ੍ਰ + ਅੰਗਾਰ (carbon) **ਪ੍ਰੰਗਾਰ ਰਸਾਇਣ** = Organic chemistry **ਅਪ੍ਰੰਗਾਰ ਰਸਾਇਣ** = inorganic chemistry **ਅੰਗਾਰ** - (ਅੰਗਿਆਰ) ਸੰ. ਅਙ੍ਗਾਰ. ਨਾਮ/n. ਅਗਨਿ ਰੂਪ ਹੋਇਆ ਲੱਕੜ ਅਥਵਾ- ਕੋਲੇ ਦਾ ਭਾਗ. Embers. “ਕਛੂਆ ਕਹੈ ਅੰਗਾਰ ਭਿ ਲੋਰਉ.” (ਆਸਾ ਕਬੀਰ) ਇਸ ਥਾਂ ਅੰਗਾਰ ਤੋਂ ਭਾਵ ਆਤਮਗਜਾਨ ਹੈ **ਪ੍ਰ** = ਸੰ. ਵਜ. ਇਹ ਸ਼ਬਦਾਂ ਦੇ ਨਾਲ ਮਿਲਕੇ-ਆਰੰਭ, ਗਤਿ, ਅਤਿ, ਪ੍ਰਸਿੱਧੀ, ਆਦਿ ਅਰਥ ਦਿੰਦਾ ਹੈ, ਜਿਵੇਂ- ਪ੍ਰਚੰਡ, ਪ੍ਰਬੋਧ, ਪ੍ਰਭਾਵ ਆਦਿ
ਸ੍ਵਭਾਵੋਕ੍ਤਿ	ਇੱਕ ਸ਼ਬਦਾਲੰਕਾਰ. (ਸਹਜਧਰਮ ਦਾ ਕਥਨ) ਕਿਸੇ ਵਸਤੁ ਦੇ ਜਾਤਿਸੁਭਾਵ ਦਾ ਵਰਣਨ “ਸ੍ਵਭਾਵੋਕ੍ਤਿ” ਅਲੰਕਾਰ ਹੈ. ਇਸ ਦਾ ਨਾਉਂ ਜਾਤਿ ਭੀ ਹੈ. **ਸ੍ਵਭਾਵੋਕ੍ਤਿ = ਸ੍ਵ + ਭਾਵ + ਉਕਤਿ (ਅ + ਉ = ੋ)** **ਉਕ੍ਤਿ**. ਨਾਮ/n. ਕਥਨ. ਵਚਨ। 2. ਅਣੋਖਾ ਵਾਕ. “ਉਕਤਿ ਸਿਆਨਪ ਕਿਛੂ ਨ ਜਾਨਾ.” (ਆਸਾ ਮਃ ੫) 3. ਸੰ. ਯੁਕ੍ਤਿ. ਨਾਮ/n. ਦਲੀਲ. ਤਜਵੀਜ਼. “ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ.” (ਧਨਾ ਮਃ ੫). [ਮਹਾਨ ਕੋਸ਼] **ਭਾਵ** - (ਦੇਖੋ- ਭੂ ਧਾ) ਸੰ. ਨਾਮ/n. ਸੱਤਾ. ਹੋਂਦ. ਅਸ੍ਤਿਤ੍ਵ। [ਮਹਾਨ ਕੋਸ਼]
ਪ੍ਰਾਗੁਕਤੀ	ਇਸ ਦਾ ਅਰਥ ਹੈ “ਭਵਿਖ ਵਾਕ” ਜਾਂ “ਅਗੇਤੀ ਖ਼ਬਰ” ਅਰਥਾਤ ਭਵਿੱਖਬਾਣੀ। ਵਿਗਿਆਨ ਵਿੱਚ ਇਸ ਸ਼ਬਦ ਦੀ ਵਰਤੋਂ ਗਣਿਤਿਕ ਪਰਿਕਲਨਾਂ ਦੁਆਰਾ ਪ੍ਰਾਪਤ ਕੀਤੇ ਅੰਕੜਿਆਂ ਦੇ ਆਧਾਰ

ਸ਼ਬਦ	**ਪਰਿਭਾਸ਼ਾ ਅਤੇ ਵਿਉਤਪੱਤੀ**
	ਤੇ ਕੀਤੀ ਜਾਂਦੀ ਹੈ। **ਪ੍ਰਾਗੁਕਤੀ = ਪ੍ਰਾਗ + ਉਕਤਿ = ਭਵਿੱਖਬਾਣੀ** (prediction) **ਪ੍ਰਾਗ** = ਪ੍ਰਾਕ = ਸੰ. ਪ੍ਰਾਕ੍. ਵਿ. ਪਹਿਲਾ। 2. ਨਾਮ/n. ਪੂਰਵ। 3. ਕ੍ਰਿ. ਵਿ. ਪਹਿਲੇ. ਪਹਿਲਾਂ. “ਬਹੁ ਔਗੁਨ ਕੀਨੇ ਇਨ ਪ੍ਰਾਕ.” (ਨਾਪ੍ਰ) [ਮਹਾਨ ਕੋਸ਼]
ਰੁਧੋਸ਼ਮ ਜਾਂ ਸਮੋਸ਼	ਤਾਪਗਤਿਕੀ (ਉਸ਼ਮਾਗਤਿਕੀ) ਦੇ ਖੇਤਰ ਵਿੱਚ ਇਹ ਉਹ ਤਾਪਗਤਿਕ ਪ੍ਰਕਿਰਿਆ ਹੈ ਹੈ ਜੋ ‘ਤਾਪਗਤਿਕ ਤੰਤਰ’ ਅਤੇ ਉਸ ਦੇ ‘ਵਾਤਾਵਰਣ’ ਵਿਚਕੀਰ ‘ਤਾਪ’ ਜਾਂ ‘ਵਸਤੂਮਾਨ’ ਦੇ ਤਬਾਬਦਲੇ ਤੋਂ ਬਗੈਰ ਵਾਪਰਦੀ ਹੈ। ਭਾਵ, ਇਸ ਪ੍ਰਕਿਰਿਆ ਦੌਰਾਨ ਤੰਤਰ ਦਾ ਤਾਪ ਇੱਕ ਬਰਾਬਰ ਰਹਿੰਦਾ ਹੈ। **ਰੁਧੋਸ਼ਮ = ਰੁਧ + ਉਸ਼ਮਾ** **ਸਮੋਸ਼ = ਸਮ + ਉਸ਼ਮਾ** **ਰੁਧ =** ਸੰ. {रुध्.} ਧਾ. ਰੋਕਣਾ, ਘੇਰਨਾ, ਵਰਜਣਾ, ਦਯਾ ਕਰਨਾ, ਸ਼ੋਰ ਕਰਨਾ, ਰੋਣਾ, ਚਾਹੁਣਾ [ਮਹਾਨ ਕੋਸ਼], **ਸਮ** = ਤੁੱਲ, ਸਾਮਾਨ, ਇਕੋ ਜਿਹਾ (ਬਰਾਬਰ ਨੇਤਰਾਂ ਵਾਲਾ ਭਾਵ ਹਰ ਇਕ ਨੂੰ ਇਕੋ ਨਜ਼ਰ ਨਾਲ ਵੇਖਣ ਵਾਲਾ) **ਉਸ਼ਮਾ** = ਤਾਪ ਤਾਪਗਤਿਕੀ (ਉਸ਼ਮਾਗਤਿਕੀ) ਵਿੱਚ ਕਿਸੇ ਤੰਤ੍ਰ ਦਾ ਗੁਣਧਰਮ ਜੋ ਉਤਕ੍ਰਮਣੀ (reversible) ਰੁਧੋਸ਼ਮ (adiabatic, ਸਮੋਸ਼, ਰੁੱਧ+ਉਸ਼ਮਾ, ਭਾਵ ਰੁਕਿਆ ਤਾਪ) ਪ੍ਰਕ੍ਰਮ ਵਿੱਚ ਸਥਿਰ ਰਹਿੰਦਾ ਹੈ ਉਸ ਨੂੰ ਨਿਮਨਲਿਖਤ ਸਮੀਕਰਨ ਨਾਲ ਵਿਅਕਤ ਕੀਤਾ ਜਾਂਦਾ ਹੈ,
ਸਮਾਕਲਨ ਜਾਂ ਅਨੁਕਲਨ	ਗਣਿਤਵਿਗਿਆਨ ਵਿੱਚ ‘ਸਮਾਕਲਨ’ ਉਹ ਵਿਧੀ ਹੈ ਜਿਸ ਰਾਹੀਂ ਅੰਸ਼ਾਂ (ਖੰਡ, ਅਵਯਵ) ਨੂੰ ਜੋੜ ਜਾਂ ਸੰਗ੍ਰਹਿਕ (ਸਮਾਹਾਰ) ਕਰਕੇ ਸਮੁੱਚ (ਸਮੱਗਰ, ਸਗਲ) ਲੱਭਿਆ ਜਾਂਦਾ ਹੈ। ਇਹ ‘ਅਵਕਲਨ’ ਦੀ ਉਲਟੀ (ਵਿਪਰੀਤ, ਪ੍ਰਤਿਲੋਮ) ਪ੍ਰਕਿਰਿਆ ਹੈ। **ਸਮਾਕਲਨ = ਸਮਾ + ਕਲਨ = ਅਨੁਕਲਨ** (Integration) **ਸਮਾ**= **ਸਮਾਉਣਾ** = (ਸਮਾਉਣ) ਸਮਜਕ-ਆਯਨ. ਚੰਗੀਤਰਾਂ ਆਮਿਲਨਾ. ਅਭੇਦ ਹੋਣਾ. “ਸਬਦੁ ਰਤਨੁ ਜਿਤੁ ਮਨੁ ਲਾਗਾ ਏਹੁ ਹੋਆ ਸਮਾਉ.” (ਅਨੰਦੁ) 2. ਜੋਤੀ ਜੋਤਿ ਸਮਾਉਣਾ. ਦੇਹ ਤਿਆਗਕੇ ਆਤਮਸਰੂਪ ਵਿੱਚ ਲੀਨ ਹੋਣਾ. [ਮਹਾਨ ਕੋਸ਼] **ਅਨੁ** = ਸੰ. ਉਪ. ਇਹ ਜਦ ਸ਼ਬਦਾਂ ਦੇ ਮੁੱਢ ਲਗਦਾ ਹੈ, ਤਦ ਪਿੱਛੇ, ਤੁੱਲ, ਸਾਥ, ਹਰਇੱਕ (ਪ੍ਰਤਜੇਕ), ਬਾਰੰਬਾਰ ਆਦਿ ਅਰਥ ਜਣਾਉਂਦਾ ਹੈ, ਜਿਵੇਂ- ਅਨੁਗਾਮੀ ਅਨੁਦਿਨ ਅਨੁਰੂਪ ਆਦਿ। [ਮਹਾਨ ਕੋਸ਼] **ਕਲਨ** = ਸੰ. ਨਾਮ/n. ਗਿਣਨਾ। 2. ਬਣਾਉਣਾ. ਰਚਣਾ। 3. ਬੁਰਕੀ. ਗ੍ਰਾਸ। 4. ਸਜਾਉਣਾ. ਸਿੰਗਾਰਣਾ [ਮਹਾਨ ਕੋਸ਼]
ਅਵਕਲਨ	ਗਣਿਤਵਿਗਿਆਨ ਵਿੱਚ ਇਹ ਉਹ ਵਿਧੀ ਹੈ ਜਿਸ ਰਾਹੀਂ ਕਿਸੇ ਇੱਕ ‘ਚਰ ਰਾਸ਼ੀ’ ਦੀ ਕਿਸੇ ਹੋਰ ‘ਚਰ ਰਾਸ਼ੀ ਦੇ ਬਨਿਸਬਤ ਬਦਲਣ ਦੀ ਦਰ ਨੂੰ ਲੱਭਿਆ ਜਾਂਦਾ ਹੈ। **ਅਵਕਲਨ = ਅਵ + ਕਲਨ** (differential) **ਅਵ** = ਸੰ. ਉਪ. ਇਹ ਸ਼ਬਦਾਂ ਦੇ ਮੁੱਢ ਲੱਗਕੇ-ਨਿਸ਼ਚਾ, ਅਨਾਦਰ, ਕਮੀ, ਉਤਰਾਉ ਆਦਿ, ਅਰਥ ਜਣਾਉਂਦਾ ਹੈ. ਦੇਖੋ- ਅਵਗਾਹਨ, ਅਵਗੁਣ ਅਵਤਰਣ ਆਦਿ ਸ਼ਬਦ **ਚਲਨ-ਕਲਨ** = differential calculus

7 ਸਾਰਾਂਸ਼ ਅਤੇ ਸਿੱਟੇ

ਪੰਜਾਬੀ ਭਾਸ਼ਾ ਦੀ ਵਿਗਿਆਨਕ ਸ਼ਬਦਾਵਲੀ ਅਤੇ ਤਕਨੀਕੀ ਸਾਹਿਤ ਰਚਨਾ ਦੇ ਸਨਮੁਖ ਆ ਰਹੀਆਂ ਸਮੱਸਿਆਵਾਂ ਦੇ ਇਸ ਸੰਖਪ ਸਰਵੇਖਣ ਤੋਂ ਨਿਮਨ ਸਿੱਟੇ ਦਰਸਾਏ ਜਾ ਸਕਦੇ ਹਨ।

- **ਵਿਗਿਆਨਕ ਸ਼ਬਦਾਵਲੀ ਬਾਰੇ ਭਟਕੀ ਮਾਨਸਿਕਤਾ**: ਪੰਜਾਬ ਦੇ ਵਿਦਿਅਕ ਖੇਤਰਾਂ ਵਿੱਚ ਇਹ ਧਾਰਨਾ ਆਮ ਬਣੀ ਹੋਈ ਹੈ ਕਿ ਵਿਗਿਆਨਕ ਅਤੇ ਤਕਨੀਕੀ ਸਾਹਿਤ ਰਚਣ ਲਈ ਪੰਜਾਬੀ ਭਾਸ਼ਾ ਕੋਲ ਲੋੜੀਂਦੀ ਸ਼ਬਦਾਵਲੀ ਉਪਲਬਧ ਨਹੀਂ ਹੈ। ਇਸ ਸਰਵੇਖਣ ਤੋਂ ਸਾਫ ਜ਼ਾਹਰ ਹੈ ਕਿ ਇਹ ਧਾਰਨਾ ਗਲਤ ਹੈ। ਅਸਲ ਸਮੱਸਿਆ ਪੰਜਾਬੀ ਮਾਨਸਿਕਤਾ ਦੀ ਹੈ ਜੋ ਇਹ ਸਮਝੀ ਬੈਠੀ ਹੈ ਕਿ ਪੰਜਾਬੀ ਵਿੱਚ ਵਿਗਿਆਨ ਨਹੀਂ ਲਿਖਿਆ ਜਾ ਸਕਦਾ। ਪੰਜਾਬੀ ਦੀ ਵਿਗਿਆਨਕ ਸ਼ਬਦਾਵਲੀ ਤਤਪਰ ਮੌਜੂਦ ਹੈ।
- **ਵਿਦਿਅਕ ਅਦਾਰਿਆਂ ਦਾ ਨਕਾਰਾਤਮਕ ਰਵੱਈਆ:** ਪੰਜਾਬੀ ਦੇ ਵਿਦਿਅਕ ਅਦਾਰਿਆਂ ਵਿੱਚ ਵਿਗਿਆਨ ਅਤੇ ਤਕਨੀਕ ਦਾ ਸਾਹਿਤ ਰਚਣ ਅਤੇ ਸਿੱਖਿਆ ਦਾ 'ਮਾਧਿਅਮ ਪਰਿਵਰਤਨ' ਕਰਨ ਵਿੱਚ ਕੋਈ ਦਿਲਚਸਪੀ ਨਹੀਂ ਹੈ।
- **ਵਿਗਿਆਨਕ ਅਤੇ ਤਕਨੀਕੀ ਸੱਭਿਆਚਾਰ ਦੀ ਘਾਟ:** ਪੰਜਾਬ ਵਿੱਚ ਵਿਗਿਆਨ ਅਤੇ ਤਕਨੀਕ ਦਾ ਸੱਭਿਆਚਾਰ ਮੌਜੂਦ ਨਹੀਂ ਹੈ। ਅੰਧ ਵਿਸ਼ਵਾਸ ਦਾ ਬੋਲ ਬਾਲਾ ਹੈ। ਪੰਜਾਬ ਵਿੱਚ ਵਿਗਿਆਨ ਅਤੇ ਤਕਨੀਕ ਦਾ ਸੱਭਿਆਚਾਰ ਪੈਦਾ ਕਰਨ ਦੀ ਸਖਤ ਲੋੜ ਹੈ ਜਿਸ ਦੀ ਅਗਵਾਈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਕਰਨੀ ਪਵੇਗੀ।
- **ਗੁਰਬਾਣੀ ਦੀ ਭਾਸ਼ਾ ਅਤੇ ਸੰਸਕ੍ਰਿਤ ਦਾ ਗਿਆਨ ਲਾਜ਼ਮੀ:** ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਬਣੀ ਬਣਾਈ ਸ਼ਬਦਾਵਲੀ ਪ੍ਰਦਾਨ ਕਰਨਾ ਹੀ ਕਾਫੀ ਨਹੀਂ ਹੈ। ਵਿਗਿਆਨ ਅਤੇ ਟੈਕਨਾਲੋਜੀ ਬੜੀ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ ਅਤੇ ਨਵੀਂ ਸ਼ਬਦਾਵਲੀ ਵੀ ਹਰ ਰੋਜ਼ ਬਣ ਰਹੀ ਹੈ। ਇਸ ਲਈ ਹਰ ਅਧਿਆਪਕ ਅਤੇ ਵਿਦਿਆਰਥੀ ਨੂੰ ਭਾਰਤੀ ਪਰੰਪਰਾ ਅਤੇ ਸ਼ਾਸਤਰੀ ਭਾਸ਼ਾਵਾਂ ਦੇ ਮਾਹਰ ਹੋਣਾ ਲਾਜ਼ਮੀ ਹੈ ਤਾਂ ਕਿ ਉਹ ਆਪ ਨਵੀਂ ਸ਼ਬਦਾਵਲੀ ਘੜਨ ਦੇ ਕਾਬਲ ਬਣ ਸਕਣ।
- **ਲੋਕ ਸੰਚਾਰ ਮਾਧਿਅਮ ਦਾ ਘਾਤਕ ਰੋਲ**: ਪੰਜਾਬੀ ਅਖਬਾਰਾਂ, ਰੇਡੀਓ ਅਤੇ ਟੈਲੀਵੀਯਨ ਵਿਗਿਆਨਕ ਵਿਸ਼ਿਆਂ 'ਤੇ ਚਰਚਾ ਕਰਨ ਤੋਂ ਅਸਮਰੱਥ ਹਨ। ਜੋ ਚਰਚਾ ਹੁੰਦੀ ਵੀ ਹੈ ਉਸ ਵਿੱਚ ਵਰਤੀ ਗਈ ਭਾਸ਼ਾ ਬੜੀ ਘਟੀਆ ਦਰਜੇ ਦੀ ਹੁੰਦੀ ਹੈ।
- **ਵਿਗਿਆਨਕ ਸਾਹਿਤ:** ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਪਾਠ ਪੁਸਤਕਾਂ ਲਿਖਣ ਦੀ ਮੁਹਿੰਮ ਜੰਗੀ ਪੱਧਰ ਤੇ ਕਰਨੀ ਪਵੇਗੀ।
- **ਅਕਾਦਮਿਕ ਨਿਸਫਲਤਾ ਅਤੇ ਅਯੋਗਤਾ**: ਪੰਜਾਬ ਦੇ ਅਕਾਦਮਿਕ ਖਿੱਤੇ ਵਿੱਚ ਭਾਸ਼ਾ ਨੂੰ ਲੈ ਕੇ ਸਥਿਤੀ ਬੜੀ ਤਰਸਯੋਗ ਬਣੀ ਹੋਈ ਹੈ। ਬੇਦਿਲੀ ਅਤੇ ਉਤਸ਼ਾਹਹੀਣਤਾ ਕਾਰਜ-ਪ੍ਰਣਾਲੀ ਅਤੇ ਦਸਤੂਰ ਅਤੇ ਹੱਕ ਬਣ ਚੁੱਕੀ ਹੈ। ਨਵੀਨਤਾ, ਸਿਰਜਣਸ਼ੀਲਤਾ, ਮੌਲਿਕਤਾ ਅਤੇ ਕਲਪਨਾ ਦੀ ਭਾਵਨਾ ਪੂਰੀ ਤਰ੍ਹਾਂ ਗਾਇਬ ਹੈ। ਆਜ਼ਾਦੀ ਦੇ ਸੰਗਰਾਮੀਆਂ ਨੇ ਜੋ ਸੁਪਨਾ ਦੇਖਿਆ ਸੀ ਉਹ ਉਨ੍ਹਾਂ ਦੇ ਪੈਰੋਕਾਰ ਪੂਰਾ ਕਰਨ ਤੋਂ ਅਸਮਰੱਥ ਹਨ। ਸਿੱਖਿਆ ਅਦਾਰਿਆਂ ਦਾ ਵਾਤਾਵਰਣ ਅਤੇ ਰਵੱਈਆ ਹਾਰਵਾਦੀ ਅਤੇ ਨਿਰਾਸ਼ਾਵਾਦੀ ਬਣ ਕੇ ਰਹਿ ਗਿਆ ਹੈ। ਨਿਸਫਲਤਾ, ਅਦਕਸ਼ਤਾ, ਅਤੇ ਅਯੋਗਤਾ ਹਰ ਪਾਸੇ ਹਾਵੀ ਹੈ।
- **ਪਰਵਾਸੀ ਪੰਜਾਬੀਆਂ ਦੀ ਭੂਮਿਕਾ:** ਇਹ ਸਭ ਕੁੱਝ ਪਛਾਣਦੇ ਹੋਏ ਪਰਵਾਸੀ ਪੰਜਾਬੀਆਂ ਦੀ ਭੂਮਿਕਾ ਬੜੀ ਨਿਰਣਾਇਕ ਸਾਬਤ ਹੋ ਸਕਦੀ ਹੈ ਜਿਵੇਂ 'ਗਦਰ ਦੀ ਲਹਿਰ' ਕਨੇਡਾ ਤੋਂ ਚੱਲੀ ਸੀ। ਸਾਨੂੰ ਨਵੀਂ ਵਿਚਾਰਧਾਰਾ ਲੈ ਕੇ ਪੰਜਾਬ ਵਿੱਚ ਸਰਗਰਮ ਹੋਣਾ ਪਵੇਗਾ ਤਾਂ ਕਿ ਉੱਥੇ ਦੀ ਪ੍ਰਬਲ ਹੀਣ ਮਾਨਸਿਕਤਾ ਨੂੰ ਬਦਲਿਆ ਜਾ ਸਕੇ।

8 ਹਵਾਲੇ

1. *ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ*, ਪੰਜਾਬ ਸਕੂਲ ਸਿੱਖਿਆ ਬੋਰਡ, 2021-22, ਪੰਜਾਬ।
2. ਸਾਹਿਬ ਸਿੰਘ, ਪ੍ਰੋ:, *ਗੁਰਬਾਣੀ ਵਿਆਕਰਣ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ISBN 81-72205-005-4.

3. ਸਿੰਘ, ਜੀ, ਬੀ, *ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
4. ਸਿੱਧੂ, ਪਰਮਜੀਤ ਸਿੰਘ, ਡਾ., *ਮਾਨਵ ਵਿਗਿਆਨਕ ਭਾਸ਼ਾ ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 81-7380-458-3, 2011.
5. ਵਿਰਕ, ਹਰਦੇਵ ਸਿੰਘ, ਪ੍ਰੋ:, *ਐਟਮੀ ਭੌਤਿਕ ਵਿਗਿਆਨ ਦੀ ਪਾਠ-ਪੁਸਤਕ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 81-7380-528-8, 2000.
6. ਕੰਦੋਲਾ, ਬਲਦੇਵ ਸਿੰਘ, ਡਾ., *ਭਾਰਤ ਦੀ ਦਾਰਸ਼ਨਿਕ ਪਰੰਪਰਾ ਵਿੱਚ ਵਿਗਿਆਨਕ ਤਰਕ, ਇਕ ਸਰਵੇਖਣ ਅਤੇ ਅਧਿਐਨ*, Meridale Publishing UK, ISBN 978-0-9572411-2-1, 2016.
7. ਕੰਦੋਲਾ, ਬਲਦੇਵ ਸਿੰਘ, ਡਾ., *ਵਿਗਿਆਨ ਕੀ ਹੈ, ਵਿਗਿਆਨ ਦੀ ਵਿਚਾਰਧਾਰਾ, ਵਿਧੀ ਅਤੇ ਤਰਕ,* 5aab ਪ੍ਰਕਾਸ਼ਨ, ਜਲੰਧਰ, ISBN 978-93-91396-53-4, 2021.
8. ਕੰਬੋਜ, ਸੀ. ਪੀ, *ਕੰਪਿਊਟਰ ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 978-81-302-0158-0, 2012.
9. ਕਰਮ ਸਿੰਘ ਗੰਗਾਵਾਲ, *ਨਵੀਨ ਪੰਜਾਬੀ ਵਿਆਕਰਣ, ਭਾਗ 3*, ਗਿਆਨੀ ਪ੍ਰੈੱਸ, ਅੰਮ੍ਰਿਤਸਰ, 1950, The Nanakshahi Trust Mohali, Digitized by Punjaab Digital Library.
10. ਢਿੱਲੋਂ, ਸੁਰਜੀਤ ਸਿੰਘ, ਡਾ., *ਮਨੁੱਖ ਵਿਗਿਆਨ ਦੇ ਝਰੋਖੇ 'ਚੋਂ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ISBN 81-7380-555-55, 2008.
11. ਪੰਡਿਤ ਕਰਤਾਰ ਸਿੰਘ ਦਾਖਾ, *ਸ੍ਰੀ ਗੁਰੂ ਵਿਆਕਰਣ ਪੰਚਾਇਣ*, Punjab Digital Library, www.punjabdigilib.org.
12. ਪੁਆਰ, ਜੋਗਿੰਦਰ ਸਿੰਘ, *ਭਾਸ਼ਾ ਵਿਗਿਆਨ ਸੰਕਲਪ ਅਤੇ ਦਿਸ਼ਾਵਾਂ*, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2001,
13. ਪ੍ਰੇਮ ਪ੍ਰਕਾਸ਼ ਸਿੰਘ, ਡਾ., *ਸਿੱਧਾਂਤਕ ਭਾਸ਼ਾ ਵਿਗਿਆਨ*, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2006.
14. ਬਰਾੜ, ਬੂਟਾ ਸਿੰਘ, *ਪੰਜਾਬੀ ਵਿਆਕਰਨ, ਸਿਧਾਂਤ ਅਤੇ ਵਿਹਾਰ*, ਚੇਤਨਾ ਪ੍ਰਕਾਸ਼ਨ, ਲਿਧਿਆਣਾ, ISBN: 978-81-7883-496-0, 2018.
15. ਭਾਰਦ੍ਵਾਜ, ਮੰਗਤ ਰਾਏ, *ਨਿੱਜੀ ਵਿਚਾਰ ਵਿਮਰਸ।*